Fair Advice Care Wealth Management Inc.
RDSP (Registered Disability Savings Plan)
Disabled person who is eligible for Disability Tax Credit.
And who is 49 years old or younger.
By contributing in an RDSP Plan he/she may be eligible to receive up to $90,000 in government bonds & grants.
Contact : 647-951-7900
SUKHWINDER NAHAL CFP, CLU Financial Planner
www.fairadvicefinancial.com
7900 Hurontario St., Suite 308, Brampton, ON, L6Y 0P6

ਕੈਨੇਡੀਅਨ
# ਪੰਜਾਬੀ ਪੋਸਟ
Award winning newspaper | Canadian Punjabi Post
Vol 18 *Issue 109 Thursday, June 06, 2019 Tel: 905-793-2202 | Fax: 905-793-2282 | news@punjabipost.ca

TOP 4% TREB REALTOR 2018
Buy With $0 Down Program
RESIDENTIAL-COMMERCIAL-INVESTMENT
SELL YOUR HOUSE
Quick & For Top $$$$
GO WITH PRO SELLING GTA FOR 5 YEARS
Hardeep Sivia BROKER
647-970-7374
www.HardeepSivia.com

To view our online newspaper visit punjabipost.ca/epaper
THE ONLY DAILY PUNJABI NEWS
ਹੁਣ ਤੁਸੀਂ 'ਪੰਜਾਬੀ ਪੋਸਟ' Online ਰੋਜ਼ਾਨਾ ਪੜ੍ਹ ਸਕਦੇ ਹੋ

# ਡੀ-ਡੇਅ ਸਮਾਰੋਹ ਵਿੱਚ ਹਿੱਸਾ ਲੈਣ ਲਈ ਯੂਨਾਈਟਿਡ ਕਿੰਗਡਮ ਪਹੁੰਚੇ ਟਰੂਡੋ



ਲੰਡਨ, 5 ਜੂਨ (ਪੋਸਟ ਬਿਊਰੋ) : ਪ੍ਰਧਾਨ ਮੰਤਰੀ ਜਸਟਿਨ ਟਰੂਡੋ ਡੀ-ਡੇਅ ਦੇ ਦੋ ਰੋਜ਼ਾ 75ਵੇਂ ਯਾਦਗਾਰੀ ਸਮਾਰੋਹ ਵਿੱਚ ਹਿੱਸਾ ਲੈਣ ਲਈ ਯੂਨਾਈਟਿਡ ਕਿੰਗਡਮ ਪਹੁੰਚ ਚੁੱਕੇ ਹਨ। ਇਸ ਮੌਕੇ ਅਮਰੀਕਾ ਦੇ ਰਾਸ਼ਟਰਪਤੀ ਡੌਨਲਡ ਟਰੰਪ, ਬ੍ਰਿਟਿਸ਼ ਪ੍ਰਧਾਨ ਮੰਤਰੀ ਥੈਰੇਸਾ ਮੇਅ ਤੇ ਹੋਰ ਵਿਸ਼ਵ ਆਗੂ ਵੀ ਇਸ ਸਮਾਰੋਹ ਵਿੱਚ ਹਿੱਸਾ ਲੈਣ ਲਈ ਉੱਥੇ ਮੌਜੂਦ ਹਨ।

ਅੱਜ ਤੋਂ ਠੀਕ 75 ਸਾਲ ਪਹਿਲਾਂ ਬੁੱਧਵਾਰ ਵਾਲੇ ਦਿਨ ਹਜ਼ਾਰਾਂ ਦੀ ਗਿਣਤੀ ਵਿੱਚ ਕੈਨੇਡੀਅਨ, ਅਮਰੀਕੀ ਤੇ ਬ੍ਰਿਟਿਸ਼ ਸੈਨਿਕਾਂ ਨੇ ਫਰਾਂਸ ਨੂੰ ਨਾਜ਼ੀਆਂ ਦੇ ਕਬਜੇ ਵਿੱਚੋਂ ਛੁਡਾਉਣ ਲਈ ਇੰਗਲੈਂਡ ਦੇ ਦੱਖਣੀ ਤੱਟ ਤੋਂ ਬੇੜਿਆਂ ਰਾਹੀਂ ਜਰਮਨੀ ਉੱਤੇ ਚੜ੍ਹਾਈ ਦਾ ਸਫਰ ਸ਼ੁਰੂ ਕੀਤਾ ਸੀ। ਇਹ ਹਮਲਾ 6 ਜੂਨ, 1944 ਨੂੰ ਆਰੰਭਿਆ ਗਿਆ ਸੀ। ਨੌਰਮੈਂਡੀ ਦੇ ਬੀਚਿਜ਼ ਉੱਤੇ ਕੀਤਾ ਗਿਆ ਇਹ ਹਮਲਾ ਇਤਿਹਾਸ ਵਿੱਚ ਜੰਗੀ ਸਮੁੰਦਰੀ ਬੇੜਿਆਂ ਨਾਲ ਕੀਤਾ ਗਿਆ ਸੱਭ ਤੋਂ ਵੱਡਾ ਹਮਲਾ ਸੀ। ਇਸ ਹਮਲੇ ਨੇ ਦੂਜੀ ਵਿਸ਼ਵ ਜੰਗ ਵਿੱਚ ਨਵਾਂ ਮੋੜ ਲਿਆਂਦਾ ਸੀ ਤੇ ਯੂਰਪ ਵਿੱਚ ਨਾਜ਼ੀ ਹਕੂਮਤ ਦੇ ਅੰਤ ਦੀ ਸ਼ੁਰੂਆਤ ਲਈ ਵੀ ਇਸੇ ਹਮਲੇ ਨੂੰ ਜ਼ਿੰਮੇਵਾਰ ਮੰਨਿਆ ਜਾਂਦਾ ਹੈ।

ਪਰ ਇਸ ਹਮਲੇ ਲਈ ਵੱਡੀ ਕੀਮਤ ਚੁਕਾਉਣੀ ਪਈ ਸੀ। ਇਸ ਦੌਰਾਨ 359 ਕੈਨੇਡੀਅਨ ਮਾਰੇ ਗਏ ਸਨ ਤੇ 715 ਜਾਂ ਤਾਂ ਜ਼ਖ਼ਮੀ ਹੋ ਗਏ ਤੇ ਜਾਂ ਫਿਰ ਉਨ੍ਹਾਂ ਨੂੰ ਬੰਦੀ ਬਣਾ ਲਿਆ ਗਿਆ ਜਦਕਿ 5000 ਅਗਲੇ ਦੋ ਮਹੀਨਿਆਂ ਵਿੱਚ ਮਾਰੇ ਗਏ। ਬ੍ਰਿਟਿਸ਼ ਸ਼ਹਿਰ ਪੋਰਟਸਮਾਊਥ ਵਿੱਚ ਰੱਖੇ ਗਏ ਇਸ ਸਮਾਰੋਹ ਵਿੱਚ ਟਰੂਡੋ ਤੇ ਹੋਰ ਆਗੂ ਡੀ-ਡੇਅ ਉੱਤੇ ਮਾਰੇ ਗਏ ਸੈਨਿਕਾਂ ਦੀ ਬਹਾਦਰੀ ਤੇ ਉਨ੍ਹਾਂ ਦੇ ਬਲੀਦਾਨ ਨੂੰ ਚੇਤੇ ਕਰਨਗੇ। ...ਬਾਕੀ ਪੰਨਾ 6 'ਤੇ

# ਚੀਨ ਨੇ ਕੈਨੇਡਾ ਤੋਂ ਹਟਾ ਕੇ ਆਪਣਾ ਅੰਬੈਸਡਰ ਪੈਰਿਸ ਵਿੱਚ ਕੀਤਾ ਨਿਯੁਕਤ



ਓਟਵਾ, 5 ਜੂਨ (ਪੋਸਟ ਬਿਊਰੋ) : ਕੈਨੇਡਾ ਵਿੱਚ ਚੀਨ ਦੇ ਅੰਬੈਸਡਰ ਨੂੰ ਮੁੜ ਯੂਰਪ (ਪੈਰਿਸ) ਲਈ ਨਿਯੁਕਤ ਕਰ ਦਿੱਤਾ ਗਿਆ ਹੈ। ਇਸ ਨਾਲ ਦੋਵੇਂ ਦੇਸ਼ ਆਪਣੇ ਡਿਪਲੋਮੈਟਸ ਤੋਂ ਵਾਂਝੇ ਹੋ ਗਏ ਹਨ।

ਸੀਟੀਵੀ ਵੱਲੋਂ ਇਸ ਗੱਲ ਦੀ ਪੁਸ਼ਟੀ ਕੀਤੀ ਗਈ ਹੈ ਕਿ ਲੂ ਸ਼ੇਅ ਓਟਵਾ ਵਿੱਚ ਆਪਣੇ ਅਹੁਦੇ ਤੋਂ ਇਸ ਮਹੀਨੇ ਦੇ ਅੰਤ ਵਿੱਚ ਸ਼ਿਫਟ ਹੋ ਕੇ ਫਰਾਂਸ ਵਿੱਚ ਚੀਨ ਦੇ ਅੰਬੈਸਡਰ ਬਣਨਗੇ। ਬੁੱਧਵਾਰ ਨੂੰ ਪੱਤਰਕਾਰਾਂ ਨਾਲ ਗੱਲ ਕਰਦਿਆਂ ਖੇਤੀਬਾੜੀ ਮੰਤਰੀ ਮੈਰੀ-ਕਲਾਡੇ ਬਿਬਿਊ ਨੇ ਆਖਿਆ ਕਿ ਦੋਵਾਂ ਦੇਸ਼ਾਂ ਵਿਚਾਲੇ ਡਿਪਲੋਮੈਟਿਕ ਸਬੰਧ ਜਾਰੀ ਰਹਿਣਗੇ। ਇੱਥੇ ਦੱਸਣਾ ਬਣਦਾ ਹੈ ਕਿ ਇਸ ਸਮੇਂ ਚੀਨ ਵਿੱਚ ਕੈਨੇਡਾ ਦਾ ਵੀ ਕੋਈ ਅੰਬੈਸਡਰ ਮੌਜੂਦ ਨਹੀਂ ਹੈ।

ਚੀਨ ਵਿੱਚ ਕੈਨੇਡਾ ਦੇ ਸਾਬਕਾ ਅੰਬੈਸਡਰ ਜੌਹਨ ਮੈਕਲਮ ਵੱਲੋਂ ਜਨਵਰੀ ਵਿੱਚ ਇਹ ਅਹੁਦਾ ਹੁਆਵੇਈ ਦੀ ਐਗਜ਼ੈਕਟਿਵ ਮੈਂਗ ਵਾਨਜ਼ੋਊ ਦੀ ਹਵਾਲਗੀ ਸਬੰਧੀ ਜਾਰੀ ਕੇਸ ਸਬੰਧੀ ਟਿੱਪਣੀ ਕੀਤੇ ਜਾਣ ਤੋਂ ਬਾਅਦ ਛੱਡ ਦਿੱਤਾ ਗਿਆ ਸੀ। ਮੈਂਗ, ਚੀਨ ਦੀ ਟੈਲੀਕੌਮ ਕੰਪਨੀ ਦੀ ਚੀਫ ਫਾਇਨਾਂਸ਼ੀਅਲ ਅਧਿਕਾਰੀ ਹੈ, ਇਸ ਸਮੇਂ ਫਰਾਡ ਦੇ ਚਾਰਜਿਜ਼ ਵਿੱਚ ਅਮਰੀਕਾ ਵਿੱਚ ਵਾਂਟਿਡ ਹੈ। ਬਹੁਤ ਸਾਰੇ ਮਾਹਿਰਾਂ ਦਾ ਮੰਨਣਾ ਹੈ ਕਿ ਮੈਂਗ ਦੀ ਗ੍ਰਿਫਤਾਰੀ ਦੇ ਮੱਦੇਨਜ਼ਰ ਹੀ ਦੋ ਕੈਨੇਡੀਅਨਜ਼ ਮਾਈਕਲ ਕੋਵਰਿੱਗ ਤੇ ਮਾਈਕਲ ਸਪੇਵਰ ਨੂੰ ਚੀਨ ਵਿੱਚ ਨਜ਼ਰਬੰਦ ਕਰਕੇ ਰੱਖਿਆ ਗਿਆ ਹੈ।

# ਆਮਦਨ ਨਾਲੋਂ ਖਰਚੇ ਵਧਾਉਣਾ ਚੰਗੀ ਸਰਕਾਰ ਦੀ ਨਿਸ਼ਾਨੀ ਨਹੀਂ : ਡੱਗ ਫੋਰਡ



ਟੋਰਾਂਟੋ, 5 ਜੂਨ (ਪੋਸਟ ਬਿਊਰੋ)- ਕੱਲ੍ਹ ਓਂਟਾਰੀਓ ਦੇ ਪ੍ਰੀਮੀਅਰ ਡੱਗ ਫੋਰਡ ਵਲੋਂ ਐਥਨਿਕ ਮੀਡੀਆ ਤੇ ਵੱਖ-ਵੱਖ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਆਪਣੀ ਸਰਕਾਰ ਦੇ ਇਕ ਸਾਲ ਪੂਰੇ ਹੋ ਜਾਣ ਤੋ ਬਾਅਦ ਉਸ ਦੇ ਰਿਵਿਊ ਉਤੇ ਇਕ ਪੰਛੀ ਝਾਤ ਮਾਰੀ ਗਈ। ਪ੍ਰੀਮੀਅਰ ਡੱਗ ਫੋਰਡ ਨੇ ਵੱਖ-ਵੱਖ ਮਹੱਤਵਪੂਰਨ ਮੁੱਦਿਆਂ ਉਤੇ ਵਿਸਥਾਰ ਸਹਿਤ ਚਾਨਣਾ ਪਾਇਆ। ਉਨ੍ਹਾਂ ਪੱਤਰਕਾਰਾਂ ਦੇ ਸਵਾਲਾਂ ਦੇ ਜਵਾਬ ਦਿੰਦਿਆਂ ਦੱਸਿਆ ਕਿ ਜਿਸ ਤਰ੍ਹਾਂ ਸਿੱਖਿਆ ਵਿਭਾਗ ਵਿਚ ਕਟੌਤੀ ਕੀਤੀ ਗਈ ਹੈ, ਉਹ ਕਟੌਤੀ ਕੋਈ ਸਿੱਖਿਆ ਦੀ ਗੁਣਵੱਤਾ ਨੂੰ ਘੱਟ ਕਰਨ ਲਈ ਨਹੀਂ ਕੀਤੀ ਗਈ ਸਗੋਂ ਪਿਛਲੀ ਸਰਕਾਰ ਵਲੋਂ ਸਿੱਖਿਆ ਵਿਭਾਗ ਵਿਚ ਜੋ ਬੇਫਜ਼ੂਲ ਖਰਚਾ ਕੀਤਾ ਜਾ ਰਿਹਾ ਸੀ, ਉਸ ਨੂੰ ਘੱਟ ਕਰਨ ਲਈ ਕੀਤੀ ਗਈ ਹੈ। ਉਨ੍ਹਾਂ ਦੱਸਿਆ ਕਿ ਜੇਕਰ ਤੁਸੀਂ ਸਾਰੇ ਅੰਕੜੇ ਧਿਆਨ ਨਾਲ ਦੇਖਦੇ ਹੋ ਤਾਂ ਸਾਡੀ ਸਰਕਾਰ ਵਲੋਂ ਸਿੱਖਿਆ ਵਿਭਾਗ ਵਿਚ ਪਹਿਲਾਂ ਨਾਲੋਂ ਵੱਧ ਪੈਸਾ ਖਰਚਿਆ ਜਾ ਰਿਹਾ ਹੈ। ਇਹ ਪੈਸਾ ਉਨ੍ਹਾਂ ਥਾਵਾਂ ਉਤੇ ਖਰਚਿਆ ਜਾ ਰਿਹਾ ਹੈ, ਜਿਥੇ ਅਸਲ ਵਿਚ ਕਿਸੇ ਵਿਦਿਆਰਥੀ ਨੂੰ ਵਧੀਆ ਸਿੱਖਿਆ ਪ੍ਰਦਾਨ ਕਰਨ ਦੀ ਜਰੂਰਤ ਹੈ, ਨਾ ਕਿ ਉਨ੍ਹਾਂ ਬੇਫਜ਼ੂਲ ਖਰਚਿਆਂ ਉਤੇ, ਜਿਨ੍ਹਾਂ ਵਿਚ ਜੇਕਰ ਕਿਸੇ ਸਕੂਲ ਵਿਚ ਕੋਈ ਤਸਵੀਰ ਲਗਾਉਣੀ ਹੈ ਤਾਂ ਫੇਰ ਬੈਚ ਮੂਵ ਕਰਨੇ ਹਨ ਜਾਂ ਫੇਰ ਕੋਈ ਲਾਈਟ ਠੀਕ ਕਰਨੀ ਹੈ, ਲਈ ਜੋ ਖਰਚੇ ਕੀਤੇ ਜਾਂਦੇ ਸਨ। ਇਸੇ ਤਰ੍ਹਾਂ ਹੀ ਡੱਗ ਫੋਰਡ ਨੇ ਹੈਲਥ ਕੇਅਰ ਉਤੇ ਗੱਲਬਾਤ ਕਰਦਿਆਂ ਕਿਹਾ ਕਿ ਸਾਡੀ ਸਰਕਾਰ ਨੇ ਅਜਿਹਾ ਪੈਸਾ ਹੈਲਥ ਕੇਅਰ ਉਤੇ ਖਰਚਿਆ ਜਾ ਰਿਹਾ ਸੀ, ਜਿਸ ਨਾਲ ਆਮ ਲੋਕਾਂ ਨੂੰ ਕੋਈ ਰਾਹਤ ਨਹੀਂ ਮਿਲ ਰਹੀ ਸੀ, ਸਗੋਂ ਰੈਡ ਟੇਪ ਤੇ ਬਿਊਰੋਕ੍ਰੇਸੀ ਉਤੇ ਖਰਚਾ ਹੋ ਰਿਹਾ ਸੀ, ਨੂੰ ਘੱਟ ਕੀਤਾ ਹੈ।
...ਬਾਕੀ ਪੰਨਾ 6 'ਤੇ

Best Insurance Rates
Auto Home Business
Dir: 647-400-2949
ਕਾਰ ਅਤੇ ਘਰ ਦੀ ਇੰਸ਼ੋਰੈਂਸ ਲਈ ਘੱਟ ਰੇਟ
Discounts upto 35% on Auto & Home
Amanpreet S. Batth R.I.B.O
Axxel Insurance Brokers Ltd.
Address: 1550 South Gateway Rd. Suite 220 Mississauga, ON L4W 5G6

ALLKIND INSURANCE
NOW HIRING !!!
LIFE INSURANCE • SUPER VISA INSURANCE • CRITICAL ILLNESS INS • MORTGAGE INSURANCE • TRAVEL & VISITOR INS • DISABILITY INSURANCE • RESP & TFSA & RRSP • FUNERAL INSURANCE
SIMRAN SAINI 416.994.7272
www.allkindinsurance.com

AUTO & HOME INSURANCE
Super visa Insurance
Life & Disability
Critical illness
RESP
Visitor & Travel insurance
All Care Insurance Inc. (416-845-1352) Manwinder Mangat Broker
Aaxel InsuranceBrokers Ltd. 1332 Khalsa Dr, Unit # 11, Mississauga, ON L5S 0A2

JOSHI LAW OFFICE
Barrister, Solicitor & Notary Public
info@joshilawoffice.com | joshilawoffice.com
Immigration
Real Estate / Commercial Law
Affidavit / Power of Attorney
6921 Steels Ave. W. Unit 11, Etobicoke, ON
Rakesh M. Joshi B.A., LL.B 416-213-8600

HELPING YOUR PLAN TODAY......FOR TOMORROW
Supervisa / Visitor Insurance
Life /Mortgage/Funeral Insurance
Disability Insurance
Critical Illness Insurance
RESP /RRSP
JATINDERBIR S BAJWA Insurance Broker
Dir: 647-928-4990 www.ufsinsurance.com
# 25-831 Bovarid Dr. W. Brampton, ON, L6X0T9

INSURANCE
Home Auto
Business Trucking
R.E.S.P Commercial
647-206-2452 Sukhwinder K Singh
CONNEX 7050A Bramalea Rd, Unit # 13, Mississauga, ON L5S 1T1

PROTECT YOUR HOME FROM PESTS
Pest Control
Low Rates/Excellent Pest Control Services
100% Success rate for bed bug Treatment
Free Home Inspection Call Today
Ranjit Sidhu Certified & Licenced Exterminator
BED BUG MATTRESS COVER ALSO AVAILABLE
A-Z Pest Control Inc.
Cell: 647.668.3944 | Office: 905.455.0648
info@atozpestcontroltoronto.com | www.atozpestcontroltoronto.com

Law Office of Aman Sharma
Real Estate - Commercial Lease
Business Purchase & Sale
Notarizations & Affidavits
Wills & Power Of Attorney
Fax: 905-913-2354 Tel: 905-913-2355
Aman Sharma
4515 Ebenezer Rd, Suite 211, Brampton, Ontario L6P2K7
Open Saturday
Providing excellent quality legal services to our clients

GOEL TRAVEL
Low Rates Best Service
ਸਸਤੀਆਂ ਹਵਾਈ ਟਿਕਟਾਂ ਅਤੇ ਵਧੀਆ ਸਰਵਿਸ ਲਈ ਇੱਕ ਵਾਰੀ ਕਾਲ ਜਰੂਰ ਕਰੋ
ਗੋਇਲ ਟਰੈਵਲ
Tico # 50021780
905.796.7500
900 Raylawson Blvd. Unit # 6, Brampton

ਕੀ ਤੁਸੀ ਕਾਕਰੋਚ, ਚੂੱਹੇ, ਕਿੜੇ-ਮੁਕੌੜਿਆਂ ਤੋ ਪਰੇਸ਼ਾਨ ਹੋ ਤੇ ਬੈਡ ਬੱਗਾਂ ਨੇ ਤੁਹਾਡੀ ਰਾਤਾਂ ਦੀ ਨਿੰਦ ਖਰਾਬ ਕੀਤੀ ਹੋਈ ਹੈ?
ਟਰੀਟਮੈਂਟ ਕਰਵਾਈ ਸੀ ਪਰ ਬਣੀ ਨੀ ਗੱਲ? ਤਾਂ ਘਬਰਾਓ ਨਾ ਟਰਾਂਟੋ ਪੈਸਟ ਅਰੈਸਟ ਵਾਲੇ ਕਰਨਗੇ ਪੱਕਾ ਹਲ !
Toronto Pest Arrest
Pest Control Services
Residential /Commercial/Industrial
ਕਾਲ ਕਰੋ: 647-515-8000
ਘੱਟ ਕੀਮਤ ਦੀ ਨਹੀ, ਪਰ ਸਿੱਕੇ ਬੰਦ ਕੰਮ ਦੀ ਗਰੰਟੀ ਹੈ
*Insured & Licensed

Canada Consumer Credit Assistance ਕਰਜ਼ਾ ਰਹਿਤ ਜ਼ਿੰਦਗੀ ਜੀਓ
ਪਾਵਰ ਆਫ ਸੇਲ ਨੋਟਿਸ ?
ਗਾਰਨਿਸ਼ਮੈਂਟ?
ਬੈਂਕ ਵਲੋਂ ਪੈਸੇ ਦੀ ਮੰਗ ?
ਰੈਵਨਿਊ ਕੈਨੇਡਾ ਵਲੋਂ ਟੈਕਸ ਦੀ ਮੰਗ ?
ਕੁਲੈਕਸ਼ਨ ਕਾਲਾਂ, ਬੈਂਕ ਕਰਪਸੀ ਅਤੇ ਕਰਜ਼ੇ ਤੋਂ ਪੱਕਾ ਛੁਟਕਾਰਾ ਪਾ ਕੇ ਆਪਣਾ ਕਰੈਡਿਟ ਦੁਬਾਰਾ ਬਨਾਉਣ ਲਈ
ਹੁਣੇ ਹੀ ਕਾਲ ਕਰੋ
75% ਤੱਕ ਆਪਣਾ ਕਰਜ਼ਾ ਮਾਫ ਕਰਾਓ,
ਬਹੁਤ ਆਸਾਨ ਕਿਸ਼ਤਾਂ ਬਿਨਾ ਵਿਆਜ ਤੋਂ
ਮੁਫਤ ਅਤੇ ਗੁਪਤ ਸਲਾਹ ਲਈ ਅੱਜ ਹੀ ਜਸਬੀਰ ਹੁੰਦਲ ਨੂੰ ਕਾਲ ਕਰੋ
ਕਰਜ਼ੇ ਦੀ ਸਿਰਦਰਦੀ ?
Late Evening and Weekends Appointments Available
1888 864 3131
Jasbir Singh Hundal Qualified Credit Counsellor
www.MakeMeDebtFree.ca 416-502-3100
Unit #20 - 7015 Tranmere Drive Mississauga, ON L5S 1T7

SEHMBI RENOVATIONS
ਰੈਨੋਵੇਸ਼ਨ ਦੇ ਕਿਸੇ ਵੀ ਕੰਮ ਲਈ ਸਾਡੀਆਂ ਪਰੋਫੈਸ਼ਨਲ ਤੇ ਭਰੋਸੇਯੋਗ ਸੇਵਾਵਾਂ ਦਾ ਲਾਭ ਉਠਾਓ
Custom Kitchen Cabinets
Legal Basement
Completly Furnished
Painting & Flooring
ਵਾਜ਼ਿਬ ਕੀਮਤ ਤੇ ਸਮੇਂ ਸਿਰ ਕੰਮ
Jaswant Sehmbi: 647.524.0885

Super Visa Insurance
Visitor Visa Insurance
Travel Insurance
Student Insurance
New Immigrant 90 Days Med. Insurance
Punjab Insurance Inc
www.punjabinsurance.com
Sherjang Singh Rana 416.910.9000 rana@punjabinsurance.ca
10-7003 Steeles Ave. West, Etobicoke, ON M9W 0A2
Harpreet Rana 416.871.3571 harpreetrana@punjabinsurance.ca

INTERMODAL DIVISION OF EVCRO INC
WANTED!
OWNER OPERATORS
Qualifications: Minimum 2 years experience, Minimum 21 years of age with a clean abstract & CVOR.
Payment Weekly
Direct Deposit
Safety Bonus Program
Fuel surcharge paid
Container division paid per mile (additional paid on train units).
New rates!!!!
Call Matt, or Wayne at 1-800-265-8526

Mortgage! We Will Beat Any Rate !!!
*Each Mortgage Center Office is Independently Owned & Operated
Purchase || Refinance || Major Banks /Credit Unions || Private Lenders || Second Mortgages-Lowest 6.99 %
The Mortgage Centre
Cell: 416-841-4218 Tel: 905-216-5563
AvonFinancial Inc. Brokerage Lic. 12538
Harpreet Singh Goraya Principal Broker (Lic # M12000607)
831 Bovaird Dr. West, Unit 25, Brampton, ON L6X 0T9 Fax : 905-216-0392

CN Forklift Training Center
Counterbalance All Types · Walkie pallet Low Lift · Electric Motor Narrow Aisle Reach · Cherry Order Picker
License $69 Toll Free: 1 855 230 0001
7033 Telford Way, Unit #4, Mississauga, ON L5S 1V4
When You Need Re certified License & Training First Call to us
Cell: 416 726 6206 Tel: 905 405 0001
NC Dhawan Certified Instructor

ਨਵਾਂ ਘਾਹ ਲਵਾਉ
647-784-1213
www.aaalandscaping.ca
1 ਪੁਰਾਣਾ ਘਾਹ ਹਟਾਉ ਅਤੇ ਨਵਾਂ ਲਵਾਉ
2 ਏੜੀਆਂ ਨੂੰ ਲੈਵਲ ਕਰਨਾ ਅਤੇ ਮਿੱਟੀ ਰਲਾਉਣੀ
3 ਨਵਾਂ ਘਾਹ ਲਵਾਉ
4 ਆਪਣੇ ਨਵੇਂ ਅਤੇ ਸੋਹਣੇ ਘਾਹ ਨੂੰ ਦੇਖੋ

ਕੀ ਤੁਸੀ ਕਿੜੇ-ਮੁਕੌੜਿਆਂ ਤੋਂ ਪਰੇਸ਼ਾਨ ਹੋਂ?
MICE, COCKROACH, BEDBUG & ALL COMMON BUGS
All Pest Control
AFFORDABLE & RELIABLE
100% Customer Satisfaction
KSG Pest Control Inc.
Residential, Commercial
www.ksgpestcontrol.ca
ksgpestcontrol@gmail.com
Amarjeet Singh Gill Certified & Licensed Exterminator 647.990.3205

Royal Pest Control
Residential Commercial Industrial
Specialist in Bedbugs Service
All Pest Control :
Mouse & Rats · Spiders & Fleas · Bedbugs · Wasps · Cockroaches · Carpenter Ants · Silver Fish · Racoons
Call : PARESH PATEL (Government Approved Licensed Technician)
416 938 4598

KELLEY LAW OFFICE
Immigration · Real Estate
Family Law · Business Closing
Corporate · Wills & Estate
Power of Attorney/Affidavit /Attestations
www.kelleylawoffice.ca | info@kelleylawoffice.ca
ਇਥੇ ਹਰ ਤਰ੍ਹਾਂ ਦੇ ਇਮੀਗਰੇਸ਼ਨ, ਰੀਅਲ ਅਸਟੇਟ, ਬਿਜਨਸ ਲਾਅ, ਕੋਰਪੋਰੇਟ, ਫੈਮਲੀ ਲਾਅ, ਵਸੀਅਤਨਾਮੇ, ਪਾਵਰ ਆਫ ਅਟੋਰਨੀ, ਰਾਹਦਾਰੀ ਅਤੇ ਹੋਰ ਕਾਨੂੰਨੀ ਸਲਾਹ ਮਸ਼ਵਰੇ ਲਈ ਫੋਨ ਕਰੋ
1200 Derry Road E, #15, Mississauga, ON L5T 0B3
Shinder Kelley
905-362-0755

MANN LAW FIRM
Real Estate Law · Business Law
Wills & Estates · Family Law
Power of Attorney · Civil Litigation
Affidavits Notarization / Declaration
Maninder S. Mann B.A. (Hons.), LLB
BARRISTER SOLICITOR NOTARY
Address: 2130 North Park Dr. Suite 246 Brampton, ON L6S 0C9
T: 905 799 9333
www.mannlawfirm.ca

JEYA TRANSPORT LTD.

# LOOKING FOR LONG/SHORT HAULS

## A/Z DRIVERS FOR USA/LOCAL CANADA/TORONTO-MONTREAL

- Jeya Transport ਵਾਲਿਆਂ ਨੂੰ US/CANADA ਲਈ A/Z ਡਰਾਈਵਰਾਂ ਦੀ ਲੋੜ
- Texas ਅਤੇ Midwest ਦੇ ਡੈਡੀਕੇਟਡ ਰਨ
- 2016-18 ਦੇ Automatic ਅਤੇ Manual Cascadia ਦੇ ਟਰੱਕ
- ਚੰਗੀ ਜੌਬ ਅਤੇ ਵਧੀਆ ਤਨਖਾਹ, ਵਧੀਆ ਮਾਈਲਜ਼ ਪਿਕਅਪ ਅਤੇ ਡਰਾਪ ਇੱਕੋ ਥਾਂ ਤੇ

- Looking For dedicated A/Z Drivers For USA/Local Canada/ Toronto - Montreal
- Every Pick up and Drop off is in the same place
- Good Job, Per Mile 0.55 Cents and Up
- New Trucks And Trailers 2016-2018

## ALSO HIRING OWNER OPERATORS




202-2386 Haines Rd., Mississauga ON.

**416-832-7131 / 905-564-8851**

202-2386 Haines Rd., Mississauga, ON

www.jeyatransport.com
Email: ramesh@jeyatransport.com

# TCMPLUS

## 10 YEARS' FAMOUS TRADITIONAL CHINESE MEDICINE CLINIC

Herbal and Acupuncture.
Treat your roots, Real Result "NO FAKE".

## WE TREAT:

- Diabetes
- Low Energy
- Depression
- Anxiety
- Gout
- Disc Pain
- Prostatitis
- High Blood Pressure
- Cron's Disease
- Colitis
- Stress
- Acid Reflux
- Digestive
- Sleep Disorder



1st Month Discount

FREE CONSULTATION: **905-415-6999**
30 Wertheim court, Unit 11, Richmond Hill

# TOTAL HOME Windows & Doors

ਮੰਨ ਪਸੰਦ ਦੀਆਂ ਖਿੜਕੀਆਂ ਤੇ ਦਰਵਾਜੇ ਲਗਵਾਉ ਤੇ ਢੇਰ ਸਾਰੀ ਬਚਤ ਪਾਓ!

## WINTER & SPRING SPECIAL SALE

- WINDOWS
- FIBERGLASS DOORS
- STEEL DOORS
- SLIDING PATIO DOORS

Guaranteed lowest Price up to **50%** OFF

- Honest & fair prices
- Professional installation
- High quality products
- First class service

For 5 Stars Reviews Online & Testimonial visit:
https://thwindowsdoors.com/testimonials/



Phone: 416-661-6666 | Toll Free: 1-855-550-0610

7250 Keele street, Unit 167, Vaughan, ON. L4K 1Z8
Email: info@thwindowsdoors.com | Web: thwindowsdoors.com




chatr™ AUTHORIZED DEALER

379 Main St. North, Brampton, ON
905-451-0379

2456 Lake shore Blvd W., Etobicoke, ON

Taxes extra. Offer subject to change without notice. Get up to 1GB of data on the Talk, Text and Data Plan. Once you reach your 3G speed data allotment, your data speed will be reduced until your next anniversary date. ™ Trademarks used under license ©2019

## ਅੱਜ ਨਾਮਾ

ਆਖਿਆ ਕਿਸੇ ਕਿ ਰਾਜ ਸਰਕਾਰ ਅੰਦਰ,
ਝਟਕੇ ਛੇਤੀ ਕੁਝ ਵੱਡੇ ਜਿਹੇ ਆਵਣੇ ਜੀ।
ਮਾੜਾ ਜਿਹੜੇ ਵਜ਼ੀਰਾਂ ਦਾ ਹਾਲ ਸੁਣਿਆ,
ਆਪਣੀ ਕੁਰਸੀ ਤੋਂ ਪਕੜ ਉਠਾਵਣੇ ਜੀ।
ਨਵੇਂ ਕਈਆਂ ਨੂੰ ਹੁੰਦੇ ਪਏ ਫੋਨ ਸੁਣਿਆ,
ਮੰਤਰੀ ਪਹਿਲੇ ਕੁਝ ਕੱਢੇ ਆ ਜਾਵਣੇ ਜੀ।
ਕੈਪਟਨ ਕਿਸੇ ਨੂੰ ਕੋਈ ਨਹੀਂ ਭੇਦ ਦੇਂਦਾ,
ਕਿਹੜੇ ਕੁਰਸੀ ਦੇ ਉੱਪਰ ਬਿਠਾਵਣੇ ਜੀ।
ਚਰਚਾ ਸਿੱਧੂ ਦੀ ਆਖਰ ਨੂੰ ਪਈ ਮੱਧਮ,
ਉਹਦੇ ਬਾਰੇ ਨਹੀਂ ਚੱਲਦੀ ਗੱਲ ਲੱਗਦੀ।
ਜਿਹੜੀ ਔਝੜ ਦੀ ਪਈ ਸੀ ਗੱਲ ਹੁੰਦੀ,
ਹੋ ਗਈ ਅੰਤ ਨੂੰ ਉਹ ਵੀ ਹੱਲ ਲੱਗਦੀ।

ਤੀਸ ਮਾਰ ਖਾਂ

# ਪਬਲਿਕ ਸੈਕਟਰ ਵੇਜਿਜ਼ ਵਿੱਚ ਵਾਧੇ ਨੂੰ ਸੀਮਤ ਕਰਨ ਲਈ ਫੋਰਡ ਸਰਕਾਰ ਵੱਲੋਂ ਬਿੱਲ ਪੇਸ਼

ਓਨਟਾਰੀਓ, 5 ਜੂਨ (ਪੋਸਟ ਬਿਊਰੋ) : ਓਨਟਾਰੀਓ ਸਰਕਾਰ ਨੇ ਪਬਲਿਕ ਸੈਕਟਰ ਵੇਜਿਜ਼ ਵਿੱਚ ਵਾਧੇ ਨੂੰ ਸੀਮਤ ਕਰਨ ਲਈ ਅੱਜ ਬਿੱਲ ਪੇਸ਼ ਕੀਤਾ। ਇਸ ਬਿੱਲ ਵਿੱਚ ਅਗਲੇ ਤਿੰਨ ਸਾਲਾਂ ਵਿੱਚ ਇਨ੍ਹਾਂ ਭੱਤਿਆਂ ਵਿੱਚ ਔਸਤਨ ਇੱਕ ਫੀ ਸਦੀ ਵਾਧੇ ਦੀ ਗੱਲ ਕੀਤੀ ਗਈ ਹੈ।

ਇਸ ਬਿੱਲ ਨੂੰ ਪ੍ਰੋਟੈਕਟਿੰਗ ਅ ਸਸਟੇਨੇਬਲ ਪਬਲਿਕ ਸੈਕਟਰ ਫੌਰ ਫਿਊਚਰ ਜੈਨਰੇਸ਼ਨਜ਼ ਐਕਟ ਦਾ ਨਾਂ ਦਿੱਤਾ ਗਿਆ ਹੈ। ਇਸ ਬਿੱਲ ਨੂੰ ਬੁੱਧਵਾਰ ਦੁਪਹਿਰੇ ਬਹੁਗਿਣਤੀ ਪ੍ਰੋਗਰੈਸਿਵ ਕੰਜ਼ਰਵੇਟਿਵਜ਼ ਵੱਲੋਂ ਪੇਸ਼ ਕੀਤਾ ਗਿਆ। ਭੱਤਿਆਂ ਵਿੱਚ ਵਾਧੇ ਉੱਤੇ ਰੋਕ ਦਾ ਇਹ ਨਿਯਮ ਅਧਿਆਪਕਾਂ, ਪੋਸਟ ਸੈਕੰਡਰੀ ਸੰਸਥਾਵਾਂ ਦੇ ਸਟਾਫ ਤੇ ਹਸਪਤਾਲਾਂ ਉੱਤੇ ਲਾਗੂ ਹੋਵੇਗਾ। ਇਸ ਨਾਲ ਯੂਨੀਅਨਾਂ ਨਾਲ ਜੁੜੇ ਤੇ ਗੈਰ ਯੂਨੀਅਨਾਈਜ਼ਡ ਵਰਕਰਜ਼ ਦੋਵੇਂ ਪ੍ਰਭਾਵਿਤ ਹੋਣਗੇ।

ਐਮਪੀਪੀ ਪੀਟਰ ਬੈਥਲਨਫਾਲਵੀ, ਜੋ ਕਿ ਖਜ਼ਾਨਾ ਬੋਰਡ ਦੇ ਪ੍ਰੈਜ਼ੀਡੈਂਟ ਹਨ, ਨੇ ਆਖਿਆ ਕਿ ਸਾਡੇ ਪਬਲਿਕ ਸੈਕਟਰ ਕਾਮਿਆਂ ਲਈ ਇਹ ਚੰਗੀ ਖਬਰ ਹੈ ਕਿਉਂਕਿ ਅਸੀਂ ਰੋਜ਼ਗਾਰ ਦੀ ਹਿਫਾਜ਼ਤ ਕਰ ਰਹੇ ਹਾਂ। ਉਨ੍ਹਾਂ ਆਖਿਆ ਕਿ ਜੇ ਅਸੀਂ ਇਹ ਕਾਰਵਾਈ ਨਾ ਕਰਦੇ ਤਾਂ ਹਜ਼ਾਰਾਂ ਦੀ ਗਿਣਤੀ ਵਿੱਚ ਨੌਕਰੀਆਂ ਖਤਰੇ ਵਿੱਚ ਜਾ ਪੈਣੀਆਂ ਸਨ। ਉਨ੍ਹਾਂ



ਵਿਧਾਨਸਭਾ ਵਿੱਚ ਦੱਸਿਆ ਕਿ ਜੇ ਇਹ ਬਿੱਲ ਪਾਸ ਹੋ ਜਾਂਦਾ ਹੈ ਤਾਂ ਇਹ ਯਕੀਨੀ ਬਣਾਇਆ ਜਾਵੇਗਾ ਕਿ ਪਬਲਿਕ ਸੈਕਟਰ ਮੁਆਵਜ਼ਾ ਪ੍ਰੋਵਿੰਸ ਦੀ ਵਿੱਤੀ ਸਥਿਤੀ ਨੂੰ ਹੀ ਦਰਸਾਵੇ।

ਇਹ ਵੀ ਉਮੀਦ ਹੈ ਕਿ ਪੀਸੀ ਪਾਰਟੀ ਇਸ ਸਬੰਧੀ ਵੈੱਬਸਾਈਟ ਲਾਂਚ ਕਰੇ ਤੇ ਗਰਮੀਆਂ ਦੇ ਮੌਸਮ ਵਿਚ ਆਪਣੀ ਇਸ ਯੋਜਨਾ ਬਾਰੇ ਕੰਸਲਟੇਸ਼ਨਜ਼ ਸ਼ੁਰੂ ਕਰੇ। ਪ੍ਰੀਮੀਅਰ ਡੱਗ ਫੋਰਡ ਦੀ ਅਗਵਾਈ ਵਿੱਚ ਟੋਰੀਜ਼ ਦਾ ਕਹਿਣਾ ਹੈ ਕਿ ਭੱਤਿਆਂ ਨੂੰ ਸੀਮਤ ਕਰਨ ਨਾਲ ਪ੍ਰੋਵਿੰਸ ਨੂੰ ਆਪਣਾ 13.5 ਬਿਲੀਅਨ ਡਾਲਰ ਦਾ ਘਾਟਾ ਘਟਾਉਣ ਵਿੱਚ ਮਦਦ ਮਿਲੇਗੀ। ਇਸ ਉੱਤੇ ਤਿੱਖੀ ਪ੍ਰਤੀਕਿਰਿਆ ਪ੍ਰਗਟਾਉਂਦਿਆਂ ਐਨਡੀਪੀ ਆਗੂ ਐਂਡਰੀਆ ਹੌਰਵਥ ਨੇ ਆਖਿਆ ਕਿ ਅੱਜ ਇੱਕ ਵਾਰੀ ਫਿਰ ਇੰਜ ਲੱਗ ਰਿਹਾ ਹੈ ਕਿ ਡੱਗ ਫੋਰਡ ਖੁਦ ਨੂੰ ਓਨਟਾਰੀਓ ਦਾ ਰਾਜਾ ਸਮਝ ਰਹੇ ਹਨ। ਉਹ ਪੇਸ਼ੇਵਰਾਨਾ ਢੰਗ ਨਾਲ ਗੱਲਬਾਤ ਕਰਨ ਜਾਂ ਸਨਮਾਨਜਨਕ ਢੰਗ ਨਾਲ ਪੇਸ਼ ਆਉਣ ਦੀ ਥਾਂ ਇਸ ਤਰ੍ਹਾਂ ਦੇ ਸਖ਼ਤ ਫੈਸਲੇ ਲੈ ਰਹੇ ਹਨ।

ਹੌਰਵਥ ਨੇ ਇਹ ਦੋਸ਼ ਵੀ ਲਾਇਆ ਕਿ ਫੋਰਡ ਪਬਲਿਕ ਸੈਕਟਰ ਦੇ ਵਰਕਰਜ਼ ਨੂੰ ਇਸ ਲਈ ਨਿਸ਼ਾਨਾ ਬਣਾ ਰਹੇ ਹਨ ਕਿਉਂਕਿ ਉਨ੍ਹਾਂ ਵੱਲੋਂ ਮੁਹੱਈਆ ਕਰਵਾਈਆਂ ਜਾਣ ਵਾਲੀਆਂ ਸੇਵਾਵਾਂ ਦੀ ਫੋਰਡ ਨੂੰ ਕੋਈ ਕਦਰ ਨਹੀਂ ਹੈ। ਇੱਥੇ ਦੱਸਣਾ ਬਣਦਾ ਹੈ ਕਿ ਸਟੈਟੇਸਟਿਕਸ ਕੈਨੇਡਾ ਵੱਲੋਂ ਜਾਰੀ ਕੀਤੀ ਗਈ ਰਿਪੋਰਟ ਅਨੁਸਾਰ ਅਪਰੈਲ ਵਿੱਚ ਕੌਮੀ ਮਹਿੰਗਾਈ ਦਰ ਦੋ ਫੀ ਸਦੀ ਤੱਕ ਪਹੁੰਚ ਗਈ ਹੈ।

# ਰੇਨਾਅ-ਫੀਏਟ ਕ੍ਰਾਈਸਲਰ ਰਲੇਵੇਂ ਲਈ ਦੋਵੇਂ ਧਿਰਾਂ ਆਰਜ਼ੀ ਡੀਲ ਉੱਤੇ ਪਹੁੰਚੀਆਂ




ਪੈਰਿਸ, 5 ਜੂਨ (ਪੋਸਟ ਬਿਊਰੋ) : ਫੀਏਟ ਕ੍ਰਾਈਸਲਰ ਤੇ ਫਰਾਂਸ ਦੀ ਰੇਨਾਅ ਕੰਪਨੀ ਨਾਲ ਰਲੇਵੇਂ ਨੂੰ ਲੈ ਕੇ ਬੁੱਧਵਾਰ ਨੂੰ ਦੋਵੇਂ ਧਿਰਾਂ ਆਰਜ਼ੀ ਡੀਲ ਉੱਤੇ ਪਹੁੰਚ ਗਈਆਂ। ਇਹ ਜਾਣਕਾਰੀ ਇਸ ਮੁੱਦੇ ਦੇ ਜਾਣਕਾਰ ਵਿਅਕਤੀ ਵੱਲੋਂ ਦਿੱਤੀ ਗਈ।

ਉਸ ਵਿਅਕਤੀ ਨੇ ਦੱਸਿਆ ਕਿ ਰਲੇਵੇਂ ਦੀ ਯੋਜਨਾ ਲਈ ਇਹ ਡੀਲ ਚੰਗਾ ਸੰਕੇਤ ਹੈ ਪਰ ਇਸ ਦੀ ਕੋਈ ਗਾਰੰਟੀ ਨਹੀਂ ਹੈ ਕਿ ਇਸ ਨੂੰ ਮਨਜ਼ੂਰੀ ਵੀ ਮਿਲੇ। ਸਬੰਧਤ ਵਿਅਕਤੀ ਆਪਣੀ ਪਛਾਣ ਜ਼ਾਹਰ ਨਹੀਂ ਸੀ ਹੋਣ ਦੇਣਾ ਚਾਹੁੰਦਾ ਕਿਉਂਕਿ ਰੇਨਾਅ ਬੋਰਡ ਅਜੇ ਵੀ ਇਸ ਪ੍ਰਸਤਾਵ ਬਾਰੇ ਵਿਚਾਰ ਚਰਚਾ ਕਰ ਰਿਹਾ ਹੈ। ਇਸ ਰਲੇਵੇਂ ਤੋਂ ਬਾਅਦ ਵੋਲਕਸਵੈਗਨ ਤੇ ਟੌਇਟਾ ਤੋਂ ਬਾਅਦ ਦੁਨੀਆ ਦੀ ਤੀਜੀ ਵੱਡੀ ਕਾਰ ਕੰਪਨੀ ਕਾਇਮ ਹੋਵੇਗੀ। ਇਸ ਨਾਲ ਇੰਡਸਟਰੀ ਦਾ ਰੂਪ ਰੰਗ ਵੀ ਬਦਲ ਸਕਦਾ ਹੈ ਕਿਉਂਕਿ ਕਾਰ ਨਿਰਮਾਤਾ ਕੰਪਨੀਆਂ ਇਲੈਕਟ੍ਰਿਕ ਤੇ ਆਟੋਨੋਮਸ ਗੱਡੀਆਂ ਦਾ ਨਿਰਮਾਣ ਕਰਨ ਦੀ ਦੌੜ ਵਿੱਚ ਲੱਗੀਆਂ ਹੋਈਆਂ ਹਨ। ...ਬਾਕੀ ਪੰਨਾ 6 'ਤੇ

# ਸਡਬਰੀ ਵਿੱਚ ਚਾਕੂ ਨਾਲ ਕੀਤੇ ਗਏ ਹਮਲੇ ਵਿੱਚ ਮਾਂ ਤੇ ਬੱਚੇ ਨੂੰ ਰਾਹਗੀਰਾਂ ਨੇ ਬਚਾਇਆ

ਸਡਬਰੀ, ਓਨਟਾਰੀਓ, 5 ਜੂਨ (ਪੋਸਟ ਬਿਊਰੋ) : ਗ੍ਰੇਟਰ ਸਡਬਰੀ, ਓਨਟਾਰੀਓ ਵਿੱਚ ਇੱਕ ਕ੍ਰਾਫਟ ਸਟੋਰ ਦੇ ਬਾਹਰ ਚਾਕੂ ਰਾਹੀਂ 35 ਸਾਲਾ ਮਹਿਲਾ ਤੇ ਨੌਂ ਮਹੀਨਿਆਂ ਦੇ ਬੱਚੇ ਉੱਤੇ ਚਾਕੂ ਨਾਲ ਕੀਤੇ ਗਏ ਹਮਲੇ ਤੋਂ ਦੋ ਰਾਹਗੀਰਾਂ ਨੇ ਉਨ੍ਹਾਂ ਨੂੰ ਬਚਾਅ ਲਿਆ। ਇਹ ਜਾਣਕਾਰੀ ਪੁਲਿਸ ਵੱਲੋਂ ਦਿੱਤੀ ਗਈ।

ਗ੍ਰੇਟਰ ਸਡਬਰੀ ਪੁਲਿਸ ਦੀ ਤਰਜ਼ਮਾਨ ਨੇ ਦੱਸਿਆ ਕਿ ਸੋਮਵਾਰ ਦੁਪਹਿਰ ਨੂੰ ਵਾਪਰੀ ਇਸ ਘਟਨਾ ਵਿੱਚ ਮਹਿਲਾ ਦੀ ਧੌਣ ਉੱਤੇ ਚਾਕੂ ਦਾ ਵਾਰ ਹੋਣ ਕਾਰਨ ਉਹ ਜ਼ਖ਼ਮੀ ਹੋ ਗਈ ਤੇ ਬੱਚੇ ਦੇ ਸ਼ਰੀਰ ਉੱਤੇ ਵੀ ਕਈ ਜ਼ਖ਼ਮ ਹੋ ਗਏ। ਦੋਵਾਂ ਨੂੰ ਗੰਭੀਰ ਜ਼ਖ਼ਮੀ ਹਾਲਤ ਵਿੱਚ ਹਸਪਤਾਲ ਲਿਜਾਇਆ ਗਿਆ। ਕੈਟਲੀਨ ਡੰਨ ਨੇ ਆਖਿਆ ਕਿ ਇਹ ਹਮਲਾ ਬਹੁਤ ਹੀ ਦਿਲ ਦਹਿਲਾ ਦੇਣ ਵਾਲਾ ਸੀ। ਇਹ ਵੀ ਪਤਾ ਲੱਗਿਆ ਹੈ ਕਿ ਮਸ਼ਕੂਕ ਜ਼ਖ਼ਮੀਆਂ ਵਿੱਚੋਂ ਕਿਸੇ ਨੂੰ ਵੀ ਨਹੀਂ ਸੀ ਜਾਣਦਾ।

ਡੰਨ ਨੇ ਦੱਸਿਆ ਕਿ ਮਹਿਲਾਂ ਦੀਆਂ ਚੀਕਾਂ ਸੁਣਨ ਤੋਂ ਬਾਅਦ ਸਟੋਰ ਵਿੱਚ ਸ਼ਾਪਿੰਗ ਕਰ ਰਿਹਾ ਵਿਅਕਤੀ ਭੱਜ ਕੇ ਬਾਹਰ ਆਇਆ। ਫਿਰ ਉਸ ਨੇ ਮਸ਼ਕੂਕ ਨਾਲ ਗੁੱਥਮਗੁੱਥਾ ਹੋ ਕੇ ਚਾਕੂ ਉਸ ਦੇ ਹੱਥ ਵਿੱਚੋਂ ਖੋਹ ਲਿਆ ਤੇ ਜਦੋਂ ਤੱਕ ਪੁਲਿਸ ਅਧਿਕਾਰੀ ਮੌਕੇ ਉੱਤੇ ਨਹੀਂ ਪਹੁੰਚੇ ਉਦੋਂ ਤੱਕ ਉਸ ਨੂੰ ਕਾਬੂ ਕਰਕੇ ਰੱਖਿਆ। ਇਸ ਦੌਰਾਨ ਇੱਕ ਹੋਰ 41 ਸਾਲਾ ਮਹਿਲਾ ਨੇ ਜ਼ਖ਼ਮੀ ਔਰਤ ਦੇ ਜ਼ਖ਼ਮ ਤੋਂ ਖੂਨ ਦੇ ਰਿਸਾਅ ਨੂੰ ਰੋਕਣ ਲਈ ਪੈਰਾਮੈਡਿਕਸ ਦੇ ਆਉਣ ਤੱਕ ਉਸ ਉੱਤੇ ਦਬਾਅ ਬਣਾ ਕੇ ਰੱਖਿਆ।

ਡੰਨ ਨੇ ਆਖਿਆ ਕਿ ਨਿਸਵਾਰਥ ਭਾਵਨਾ ਨਾਲ ਦੋਵਾਂ ਵਿਅਕਤੀਆਂ ਵੱਲੋਂ ਕੀਤੇ ਗਏ ਇਸ ਕਾਰੇ ਸਦਕਾ ਦੋ ਜ਼ਿੰਦਗੀਆਂ ਬਚ ਗਈਆਂ। ਇੱਕ 25 ਸਾਲਾ ਵਿਅਕਤੀ ਨੂੰ ਕਤਲ ਦੀ ਕੋਸ਼ਿਸ਼ ਕਰਨ, ਹਥਿਆਰਾਂ ਨਾਲ ਸਬੰਧਤ ਜੁਰਮ ਤੇ ਪ੍ਰੋਬੇਸ਼ਨ ਦੀ ਉਲੰਘਣਾ ਕਰਨ ਦੇ ਸਬੰਧ ਵਿੱਚ ਚਾਰਜ ਕੀਤਾ ਗਿਆ ਹੈ। ਪੁਲਿਸ ਨੇ ਇੱਕ ਨਿਊਜ਼ ਰਲੀਜ਼ ਵਿੱਚ ਦੱਸਿਆ ਕਿ ਖੁਦ ਨੂੰ ਪਹੁੰਚਾਏ ਗਏ ਨੁਕਸਾਨ ਲਈ ਮਸ਼ਕੂਕ ਨੂੰ ਵੀ ਇਲਾਜ ਵਾਸਤੇ ਹਸਪਤਾਲ ਲਿਜਾਇਆ ਗਿਆ। ਡੰਨ ਨੇ ਦੱਸਿਆ ਕਿ ਮਸ਼ਕੂਕ ਨੂੰ ਪੁਲਿਸ ਪਹਿਲਾਂ ਤੋਂ ਹੀ ਜਾਣਦੀ ਸੀ।

ਟੱਰਕ ਤੇ ਟ੍ਰੇਲਰ ਰਿਪੇਅਰ ਸ਼ਾਪ ਨੂੰ ਮਕੈਨਿਕਾਂ ਦੀ ਲੋੜ ਹੈ
Minimum 1 year experience & Trained mechanic
•6 ਦਿਨ ਕੰਮ ਸੋਮਵਾਰ ਤੋ ਸ਼ਨੀਵਾਰ •Biweekly payment
•Homely Environment •ਵਧੀਆ ਤਨਖਾਹ
Also need Body Shop Mechanic
ਵਧੇਰੀ ਜਾਣਕਾਰੀ ਲਈ ਸੰਪਰਕ ਕਰੋ:
647.533.1100/416.278.7181 (9am to 6pm)



REXDALE FINANCIAL SERVICES
WE HELP YOU START, GROW AND SUCCEED
We bring Canada's leading lenders to you
The Mortgage Centre
I direct mortgages Inc.
21 Roysun Rd, #6, Woodbridge, ON L4L 8R3
Ph: 905.652.3000 ext 467 | 905.652.300 ext 468
Each Mortgage center is independently owned and operated
Call now: 416.674.8035 | 416.674.7050 or Fax: 416.674.9009
ਮਿਲ ਰਹੇ ਘੱਟ ਵਿਆਜ ਦਰਾਂ ਦਾ ਫਾਇਦਾ ਚੱਕੋ ਅਤੇ ਹਜ਼ਾਰਾਂ ਹੀ ਡਾਲਰ ਬਚਾਓ!
• DEBT CONSOLIDATION • HOME EQUITY
• LOANS • HOME RENOVATION
• WANT TO GET OUT OF CREDIT CARD DEBT
MORTGAGES SUITABLE FOR EVERY NEED!
1st & 2nd Mortgage Available
ALL IN ONE LOW MONTHLY PAYMENT!
ਜਿਆਦਾ ਕਰਜਾ ਦੇ ਕੇ ਥੱਕ ਚੁੱਕੇ ਹੋ?
ਆਪਣਾ ਕਰਜਾਂ ਚੁਕਾਓ!!!
ਬੈਂਕ ਨੇ ਕਰ ਦਿੱਤੀ 'ਨਾਂਹ',
ਅਸੀਂ ਕਰਾਂਗੇ 'ਹਾਂ'
Increase Your Cash Flow by up to 50%
YOU NEED A MORTGAGE? WE'LL ARANGE IT FOR YOU NO MATTER WHAT YOUR REASON IS!
Self Employed or Unemployed
Each Mortgage Centre is independently owned and operated
19 Woodbine Downs Blvd, #201, Etobicoke, ON M9W 6N5
Jaspal Singh Gahunia #M08006400
416.677.0047



PROPERTIES FOR SALE



5018 Eighth Line (Erin/Georgetown)
Country lot. Detached Bungalow.
Close to town. Finished basement.
Separate entrance Outbuildings.
3 + 1 bedroom 2 bathrooms



47 Eldomar, Brampton
Detached home. Good area
Walking distance to everything
Finished Basement.Separate entrance
3 bedrooms 2 bathrooms.
Good Parking.



Angela MEYER
Sales Representative
Ipro Realty Ltd. Brokerage
905-691-0672
www.angelameyer.ca
RealEstateToAsk4@gmail.com

AMAN TRAVEL
ਅਮਨ ਟਰੈਵਲ
SPECIAL FARES TO DELHI & AMRITSAR
TICO # 50022741
LAST MINUTE DEALS AVAILABLE



GAURAV GUPTA
905.796.3535
ਦੇਸ਼ ਵਿਦੇਸ਼ ਜਾਣ ਸਮੇਂ ਸਸਤੀਆਂ ਹਵਾਈ ਟਿਕਟਾਂ ਅਤੇ ਭਰੋਸੇਮੰਦ ਸਰਵਿਸ ਲੈਣ ਲਈ ਕਾਲ ਕਰੋ
218 KINGKNOLL DR., BRAMPTON, ON L6Y 4X4

ukttc
UK TRUCK TRAINING CENTRE
PCC #179958
Registered as a Private Careers College
Forklift $79 Recertification
Automatic & Manual Trucks
o1:1 Training
Forklift Training
Reach Truck
Air Brake Classes
Sat-Sun 8am to 4pm
Counterbalance
Kuldip Singh Grewal
647.894.8590
17 ਸਾਲਾਂ ਦਾ ਤਜ਼ਰਬਾ | 7 ਦਿਨ ਖੁੱਲਾ | ਗੇਅਰਾਂ ਵਾਲੇ ਟਰੱਕਾਂ ਦੀ ਸਪੈਸ਼ਲ ਟ੍ਰੇਨਿੰਗ
Gurjot Singh Grewal: 437-224-8500
Off:905.673.7979
7542 Bath Rd, Mississauga, ON L4T 1L2





SherGill Law Firm
Barrister, Solicitor & Notary Public
Services:
• Real Estate
• Residential, Commercial, Franchise
• Criminal Law
• Family Law
• Affidavit, Power Of Attorney & Notarization
• Immigration Matters
Paramjit Singh Gill (MBA,LL.B.)
Phone : 905-790-3636
Emergency Contact:
416.910.5676
www.shergilllawfirm.ca
2565 Steeles Ave E Unit #20,
Brampton, ON L6T 4L6



LIVER CIRRHOSIS, ਫੈਟੀ ਲਿਵਰ, ਹੈਪਾਟਾਇਟਸ A, B &C ਪੀਲੀਆ
ਸ਼ਰਾਬ ਛਡੱਣ ਦਾ ਸੋਖਾ ਤੇ ਸ਼ਰਤੀਆ ਇਲਾਜ਼
ਡਿਪਰੈਸ਼ਨ ਦਾ ਸ਼ਰਤੀਆ ਇਲਾਜ਼ Symptoms: ਰਾਤ ਨੂੰ ਨੀਂਦ ਨਾ ਆਉਣਾ, ਘਬਰਾਹਟ ਹੋਣੀ, Anxiety, Confidence ਨਹੀਂ ਰਹਿਣਾ, ਮੰਨ ਉਦਾਸ ਰਹਿਣਾ, ਚੇਤਾ ਭੁੱਲਣਾ ਆਦਿ ਤਕਲੀਫਾਂ ਦਾ ਇਲਾਜ ਹੈ।
Heart Problems, Arteries blockage, ਹਾਈ ਬੀ-ਪੀ, ਕੋਲੈਸਟਰੋਲ, ਹਾਰਟ ਪਰੋਬਲਮ,ਆਰਟਰੀ ਦੀ ਬਲੋਕੇਜ, ਬਾਇਪਾਸ ਸਰਜਰੀ ਤੋ ਬਚਾਉ ਦਾ ਪੱਕਾ ਇਲਾਜ। ਜੇਕਰ ਤੁਸੀਂ stunt ਜਾਂ ਬਾਈ ਪਾਸ ਸਰਜਰੀ ਤੋਂ ਬੱਚਣਾ ਚਾਹੁੰਦੇ ਹੋ ਤਾਂ ਅੱਜ ਹੀ ਸਾਨੂੰ ਸੰਪਰਕ ਕਰੋ। ਕਿਡਨੀ ਦੀ ਪਥਰੀ ਤੇ ਪਿਤੇ ਦੀ ਪਥਰੀ 7 ਤੋਂ 15 ਦਿਨਾਂ ਵਿੱਚ ਖਤਮ।
ਬੱਚਿਆਂ ਦਾ ਬਿਸਤਰੇ ਤੇ ਪਿਸ਼ਾਬ ਕਰਣਾ, ਬਜ਼ੁਰਗਾਂ ਦਾ ਪਿਸ਼ਾਬ ਬਾਰ-ਬਾਰ ਆਉਣਾ ਜਾਂ ਰੁਕਣਾ, ਬੱਚਿਆਂ ਦਾ ਪੜ੍ਹਾਈ ਵਿਚ ਕਮਜ਼ੋਰ ਹੋਣਾ, 13 ਤੋਂ 19 ਸਾਲ ਦੇ ਬਚਿਆਂ ਦਾ ਸੁਭਆ ਵਿੱਚ ਤਬਦੀਲੀ ਤੇ ਪੜ੍ਹਾਈ ਵਿੱਚ ਮੰਨ ਨਾ ਲਗਣਾ ਤੇ ਮਾਂ-ਬਾਪ ਨਾਲ ਚੰਗੀ ਤਰ੍ਹਾਂ ਗੱਲ ਨਾ ਕਰਣਾ ਤੇ ਖਾਣਾ ਪੀਣਾ ਬੰਦ ਕਰ ਦੇਣ ਦੇ ਪੱਕੇ ਇਲਾਜ ਲਈ ਸੰਪਰਕ ਕਰੋ।
ਲੇਡੀਜ਼ ਨੂੰ ਮਾਈਗਰੇਨ, ਸਿਰ ਦਰਦ ਤੇ ਜਿੱਦੀ ਛਾਈਆਂ ਵਰਗੀ ਬਿਮਾਰੀ ਤੋਂ ਹਮੇਸ਼ਾ ਲਈ ਛੁਟਕਾਰਾ ਪਾਓ ਤੇ ਆਪਣੇ ਚਿਹਰੇ ਦੀ ਖੁਬਸੂਰਤੀ ਨੂੰ ਵਧਾਓ। ਮਹਾਵਾਰੀ ਅਤੇ uterus ਤੇ breast ਦੀਆ ਰਸੌਲੀਆਂ ਦਾ ਵੀ ਸ਼ਰਤੀਆ ਇਲਾਜ ਹੈ, ਸਿਰ ਵਿੱਚ ਸਿਕਰੀ/dandruf ਦਾ ਪੱਕਾ ਇਲਾਜ।
100% Natural Cure | No Side Effect | ਵਧੇਰੀ ਜਾਣਕਾਰੀ ਲਈ ਕਾਲ ਕਰੋ: 647-643-7593



## ਕੰਫਰਮ ਟਿਕਟ ਹੁੰਦਿਆਂ ਏਅਰ ਇੰਡੀਆ ਨੇ ਬੋਰਡਿੰਗ ਪਾਸ ਨਹੀਂ ਦਿੱਤੇ ਤਾਂ ਮੁਸਾਫਰਾਂ ਵੱਲੋਂ ਹੰਗਾਮਾ

ਨਵੀਂ ਦਿੱਲੀ, 5 ਜੂਨ, (ਪੋਸਟ ਬਿਊਰੋ)- ਭਾਰਤ ਦੀ ਸਰਕਾਰੀ ਏਅਰਲਾਈਨ ਕੰਪਨੀ ਏਅਰ ਇੰਡੀਆ ਨੇ 20 ਮੁਸਾਫਰਾਂ ਨੂੰ ਇਸ ਲਈ ਜਹਾਜ਼ ਵਿੱਚ ਚੜ੍ਹਨ ਤੋਂ ਰੋਕ ਦਿੱਤਾ ਕਿ ਸੀਟਾਂ ਭਰ ਚੁੱਕੀਆਂ ਸਨ। ਇਸ ਨਾਲ ਰੌਲਾ ਪੈ ਗਿਆ।

ਦਿੱਲੀ ਦੇ ਇੰਦਰਾ ਗਾਂਧੀ ਇੰਟਰਨੈਸ਼ਨਲ ਏਅਰਪੋਰਟ ਉੱਤੇ ਏਅਰ ਇੰਡੀਆ ਨੇ ਇਨ੍ਹਾਂ ਮੁਸਾਫਰਾਂ ਨੂੰ ਇਹ ਕਹਿ ਕੇ ਬੋਰਡਿੰਗ ਪਾਸ ਦੇਣ ਤੋਂ ਮਨ੍ਹਾ ਕਰ ਦਿੱਤਾ ਕਿ ਦਿੱਲੀ-ਗੁਹਾਟੀ ਫਲਾਈਟ ਦੀਆਂ ਸੀਟਾਂ ਭਰ ਚੁੱਕੀਆਂ ਹਨ। ਵੱਡੀ ਗੱਲ ਇਹ ਕਿ ਇਨ੍ਹਾਂ ਸਾਰਿਆਂ ਕੋਲ ਫਲਾਈਟ ਦੇ ਕਨਫਰਮ ਟਿਕਟ ਸਨ। ਇਸ ਤਰ੍ਹਾਂ ਕਨਫਰਮ ਟਿਕਟ ਹੁੰਦਿਆਂ ਵੀ ਫਲਾਈਟ ਵਿੱਚ ਸਵਾਰ ਨਾ ਹੋਣ ਦੇਣ ਪਿੱਛੋਂਲੋਕਾਂ ਨੇ ਹਵਾਈ ਅੱਡੇ ਉੱਤੇ ਨਾਅਰੇਬਾਜ਼ੀ ਕਰ ਕੇ ਗੁੱਸਾ ਕੱਢਿਆ। ਇਨ੍ਹਾਂ 20 ਮੁਸਾਫਰਾਂ ਵਿੱਚੋਂ ਇਕ ਮਨੋਜ ਕੁਮਾਰ ਦਾਸ ਨੇ ਕਿਹਾ ਕਿ ਜਦ ਉਨ੍ਹਾਂ ਨੇ ਕੈਂਸਲੇਸ਼ਨ ਫੀ ਦੇ ਬਦਲੇਮੁਆਵਜ਼ੇ ਦੀ ਮੰਗ ਕੀਤੀ ਤਾਂ ਇਸ ਬਾਰੇ ਏਅਰ ਇੰਡੀਆ ਨੇ ਚੁੱਪ ਧਾਰ ਲਈ। ਉਨ੍ਹਾਂ ਦੱਸਿਆ ਕਿ ਉਨ੍ਹਾਂ ਨੂੰ ਗੁਹਾਟੀ ਤੋਂ ਦਿੱਲੀ ਵਾਪਸੀ ਦੀ ਟਿਕਟ ਵੀਰੱਦ ਕਰਾਉਣੀ ਪਈ ਹੈ, ਜਿਹੜੀ ਏਅਰ ਵਿਸਤਾਰਾ ਦੀ ਉਡਾਣ ਦੀ ਸੀ।ਦਾਸ ਨੇ ਦੱਸਿਆ ਕਿ ਵਿਸਤਾਰਾ ਦੀਰਿਟਰਨ ਟਿਕਟ ਕੈਂਸਲ ਕਰਨ ਨਾਲ ਉਨ੍ਹਾਂ ਨੂੰ ਕਰੀਬ 10,900 ਰੁਪਏ ਨੁਕਸਾਨ ਝੱਲਣਾ ਪਿਆ ਅਤੇ ਉਨ੍ਹਾਂ ਨੇ ਏਅਰ ਇੰਡੀਆ ਦੀ ਟਿਕਟ ਲਈ 29,262 ਰੁਪਏ ਅਤੇ ਵਿਸਤਾਰਾ ਦੇ ਟਿਕਟ ਦੀ ਕੈਂਸਲੇਸ਼ਨ ਕਾਸਟ 10,900 ਰੁਪਏ ਦੀ ਮੰਗ ਕੀਤੀ, ਪਰ ਏਅਰ ਇੰਡੀਆ ਨੇ ਉਨ੍ਹਾਂ ਦੀ ਈਮੇਲ ਦਾ ਕੋਈ ਜਵਾਬ ਵੀਨਹੀਂ ਦਿੱਤਾ।

## ਲੰਬੇ ਸਮੇਂ ਬਾਅਦ ਭਾਸ਼ਾ ਵਿਭਾਗ ਫਿਰ ਮਹਾਨ ਕੋਸ਼ ਛਾਪੇਗਾ

ਪਟਿਆਲਾ, 5 ਜੂਨ (ਪੋਸਟ ਬਿਊਰੋ)- ਭਾਸ਼ਾ ਵਿਭਾਗ ਪੰਜਾਬ ਵੱਲੋਂ ਛਾਪਿਆ ਜਾਂਦਾ ਭਾਈ ਕਾਹਨ ਸਿੰਘ ਨਾਭਾ ਦਾ ਰਚਿਤ ਪੰਜਾਬੀ ਦਾ ਮਹਾਨ ਕੋਸ਼ ਆਰਥਿਕ ਮੰਦਹਾਲੀ ਕਾਰਨ ਵਿਭਾਗ ਨੇ ਪਿਛਲੇ ਕਾਫੀ ਸਮੇਂ ਤੋਂ ਛਾਪਿਆ ਨਹੀਂ ਸੀ, ਪਰ ਇਸ ਦੀਆਂ ਵਿਭਾਗ ਵੱਲੋਂ ਜਲਦ ਹੀ ਫਿਰ ਦਸ ਹਜ਼ਾਰ ਦੇ ਕਰੀਬ ਕਾਪੀਆਂ ਪ੍ਰਕਾਸ਼ਿਤ ਕੀਤੀਆਂ ਜਾ ਰਹੀਆਂ ਹਨ।

ਪਤਾ ਲੱਗਾ ਹੈ ਕਿ ਇਸ ਮਹਾਨ ਕੋਸ਼ ਨੂੰ ਅਸਲ ਵਰਗਾ ਛਾਪਣ ਲਈ ਵਿਭਾਗ ਦੇ ਸਾਹਮਣੇ ਕਈ ਚੁਣੌਤੀਆਂ ਹਨ, ਪਰ ਸਭ ਤੋਂ ਵੱਡੀ ਸਮੱਸਿਆ ਇਹ ਹੈ ਕਿ ਜਿਸ ਫੌਂਟ ਵਿੱਚ ਇਸ ਦੀ ਛਪਾਈ ਪਹਿਲਾਂ ਹੋਈ ਸੀ, ਉਹ ਫੌਂਟ ਮੌਜੂਦ ਨਹੀਂ ਹੈ, ਜਿਸ ਕਾਰਨ ਮਹਾਨ ਕੋਸ਼ ਨੂੰ ਹੂਬਹੂ ਛਾਪਣਾ ਅਸੰਭਵ ਹੈ, ਕਿਉਂਕਿ ਇਸ ਵਿਚਲੇ ਬਹੁਤ ਸਾਰੇ ਚਿੰਨ੍ਹ ਅੱਜ ਕੱਲ੍ਹ ਵਰਤੋਂ 'ਚ ਨਹੀਂ ਹਨ। ਭਾਸ਼ਾ ਵਿਭਾਗ ਪੰਜਾਬ ਦੇ ਅਧਿਕਾਰੀਆਂ ਦਾ ਮੰਨਣਾ ਹੈ ਕਿ ਇਹ ਇਕਲੌਤਾ ਵਿਭਾਗ ਅਜਿਹਾ ਹੈ, ਜੋ ਇਸ ਮਹਾਨ ਕੋਸ਼ ਨੂੰ ਹਾਲੇ ਤੱਕ ਹੂਬਹੂ ਮੁੜ ਪ੍ਰਕਾਸ਼ਿਤ ਕਰਦਾ ਰਿਹਾ ਹੈ। ਇਸੇ ਹੀ ਕਾਰਨ ਵਿਭਾਗ ਵੱਲੋਂ ਤਿਆਰ ਮਹਾਨ ਕੋਸ਼ ਦੀ ਭਰੋਸੇਯੋਗਤਾ ਵੀ ਸਭ ਤੋਂ ਵੱਧ ਹੈ।

ਵਿਭਾਗੀ ਸੂਤਰਾਂ ਅਨੁਸਾਰ ਇਸ ਨੂੰ ਤਿਆਰ ਕਰਨ ਦੀ ਜ਼ਿੰਮੇਵਾਰੀ 1960 ਵਿੱਚ ਮਿਲੀ ਸੀ, ਜਿਸ ਤੋਂ ਬਾਅਦ ਵਿਭਾਗ ਵੱਲੋਂ ਇਸ ਨੂੰ ਤਿਆਰ ਕੀਤਾ ਜਾ ਰਿਹਾ ਹੈ ਅਤੇ ਇਸ ਦੀਆਂ ਕਾਪੀਆਂ ਹੱਥੋ-ਹੱਥੀ ਵਿਕ ਜਾਂਦੀਆਂ ਹਨ। ਸੂਤਰਾਂ ਅਨੁਸਾਰ ਇਸ ਕੋਸ਼ ਨੂੰ ਮੁੜ ਤਿਆਰ ਕਰਨ ਲਈ ਸਕੈਨ ਕਰਨ ਵਾਲੀਆਂ ਮਸ਼ੀਨਾਂ ਦੀ ਵਰਤੋਂ ਕੀਤੀ ਜਾਵੇਗੀ। ਵਿਭਾਗ ਨੇ ਇਸ ਤੋਂ ਪਹਿਲਾਂ ਸਾਲ 2011 'ਚ ਇਸ ਦਾ ਅੱਠਵਾਂ ਐਡੀਸ਼ਨ ਤਿਆਰ ਕਰਵਾਇਆ ਸੀ। ਇਸ ਵਾਰ ਮਹਾਨ ਕੋਸ਼ ਵਿੱਚ ਨਵੀਂ ਚੀਜ਼ ਵੰਸ਼ਾਵਲੀ ਜੋੜੀ ਜਾ ਰਹੀ ਹੈ, ਜਿਸ ਵਿੱਚ ਇਸ ਦੇ ਰਚੇਤਾ ਭਾਈ ਕਾਹਨ ਸਿੰਘ ਨਾਭਾ ਦੇ ਪਰਵਾਰਕ ਮੈਂਬਰਾਂ ਦੇ ਨਾਂਅ ਸ਼ਾਮਲ ਕੀਤੇ ਜਾ ਰਹੇ ਹਨ, ਜੋ ਇਸ ਪਰਵਾਰ ਦੀ ਲੰਬੇ ਸਮੇਂ ਤੋਂ ਮੰਗ ਸੀ ਅਤੇ ਸੂਤਰਾਂ ਅਨੁਸਾਰ ਵੰਸ਼ਾਵਲੀ ਨੂੰ ਮਹਾਨ ਕੋਸ਼ 'ਚ ਸ਼ਾਮਲ ਕਰਵਾਉਣ ਲਈ ਭਾਈ ਕਾਹਨ ਸਿੰਘ ਨਾਭਾ ਦੇ ਪੜ ਪੋਤਰੇ ਮੇਜਰ ਆਦਰਸ਼ਪਾਲ ਸਿੰਘ ਵੱਲੋਂ ਕਾਫੀ ਸਮੇਂ ਤੋਂ ਯਤਨ ਚੱਲ ਰਹੇ ਸਨ।

# ਬੱਬਰ ਖ਼ਾਲਸਾ ਦਾ ਇੱਕ ਹੋਰ ਖਾੜਕੂ ਦਿੱਲੀ ਤੋਂ ਗ੍ਰਿਫ਼ਤਾਰ

ਅੰਮ੍ਰਿਤਸਰ, 5 ਜੂਨ, (ਪੋਸਟ ਬਿਊਰੋ)- ਅਪਰੇਸ਼ਨ ਬਲਿਊ ਸਟਾਰ ਦੀ ਬਰਸੀ ਤੋਂ ਪਹਿਲਾਂ ਸਟੇਟ ਸਪੈਸ਼ਲ ਆਪ੍ਰੇਸ਼ਨਲ ਸੈੱਲ ਦੀ ਟੀਮ ਨੇ ਅੱਜ ਬੁੱਧਵਾਰ ਨੂੰ ਬੱਬਰ ਖ਼ਾਲਸਾ ਇੰਟਰਨੈਸ਼ਨ ਦੇ ਇਕ ਹੋਰਖਾੜਕੂ ਹਰਚਰਨ ਸਿੰਘ ਨੂੰ ਦਿੱਲੀ ਵਿੱਚ ਨਾਂਗਲੋਈ ਇਲਾਕੇ ਤੋਂ ਗ੍ਰਿਫ਼ਤਾਰ ਕੀਤਾ ਹੈ। ਇਹ ਗ੍ਰਿਫਤਾਰੀ ਬੜੀ ਅਹਿਮ ਦੱਸੀ ਜਾ ਰਹੀ ਹੈ।



ਸੁਰੱਖਿਆ ਏਜੰਸੀਆਂ ਦੇ ਸੂਤਰਾਂ ਮੁਤਾਬਕ ਹਰਚਰਨ ਸਿੰਘ ਪਿਛਲੇ ਕਾਫ਼ੀ ਸਮੇਂਤੋਂ ਵੱਖਵਾਦੀ ਜਮਾਤਾਂ ਨਾਲ ਜੁੜ ਕੇ ਖ਼ਾਲਿਸਤਾਨ ਦਾ ਪ੍ਰਚਾਰ ਕਰ ਰਿਹਾ ਸੀ। ਅੱਜ ਸਟੇਟ ਸਪੈਸ਼ਲ ਆਪ੍ਰੇਸ਼ਨ ਸੈੱਲ ਦੀ ਟੀਮ ਨੇ ਹਰਚਰਨ ਸਿੰਘ ਕੋਲੋਂ ਇੱਕ ਮੋਬਾਈਲ ਫੋਨ ਵੀ ਬਰਾਮਦ ਕੀਤਾ ਹੈ ਤੇਦੱਸਿਆ ਜਾਂਦਾ ਹੈ ਕਿ ਹਰਚਰਨ ਸਿੰਘ ਦੇ ਮੋਬਾਈਲ ਤੋਂ ਪੁਲਿਸ ਨੂੰ ਕਈ ਸ਼ੱਕੀ ਲੋਕਾਂ ਦੇ ਨੰਬਰ ਮਿਲੇ ਹਨ, ਜਿਨ੍ਹਾਂ ਬਾਰੇ ਪੁਲਿਸ ਡੂੰਘਾਈ ਨਾਲ ਅੱਗੇ ਜਾਂਚ ਕਰ ਰਹੀ ਹੈ। ਪੁਲਿਸ ਸੂਤਰਾਂ ਨੇ ਦੱਸਿਆ ਕਿ ਕੁਝ ਦਿਨ ਪਹਿਲਾਂ ਫੜੇ ਗਏ ਬੱਬਰ ਖ਼ਾਲਸਾ ਇੰਟਰਨੈਸ਼ਨਲ ਦੇ ਖਾੜਕੂ ਤੇ ਮੋਗਾ ਦੇ ਮਹਿਣਾ ਪਿੰਡ ਦੇ ਵਾਸੀ ਰਵਿੰਦਰਪਾਲ ਸਿੰਘ ਤੇ ਫ਼ਤਹਿਗੜ੍ਹ ਸਾਹਿਬ ਦੇ ਜਗਦੇਵ ਸਿੰਘ ਨੇ ਪੁੱਛਗਿੱਛ ਵਿੱਚਮੰਨਿਆ ਸੀ ਕਿ ਉਨ੍ਹਾਂ ਦਾ ਸਬੰਧ ਦਿੱਲੀ ਦੇ ਨਾਂਗਲੋਈ ਵਿੱਚ ਰਹਿੰਦੇ ਮਨਮੋਹਨ ਸਿੰਘ ਦੇ ਪੁੱਤਰ ਹਰਚਰਨ ਸਿੰਘ ਨਾਲ ਹੈ। ਤਿੰਨ ਮਹੀਨੇ ਪਹਿਲਾਂ ਹਰਚਰਨ ਸਿੰਘ ਨੇ ਇਨ੍ਹਾਂ ਫੜੇ ਗਏ ਦੋਵਾਂ ਖਾੜਕੂਆਂ ਨੂੰ ਦਿੱਲੀ ਦੇ ਇਕ ਹਥਿਆਰ ਸਮੱਗਲਰ ਤੋਂ ਪਿਸਤੌਲ ਦਿਵਾਇਆ ਸੀ, ਜਿਸ ਨਾਲਇਨ੍ਹਾਂ ਦੋਵਾਂ ਨੇ ਅਪਰੇਸ਼ਨ ਬਲਿਊ ਸਟਾਰ ਦੀ ਬਰਸੀ ਤੋਂ ਪਹਿਲਾਂ ਪੰਜਾਬ ਵਿੱਚ ਕਿਸੇ ਥਾਂ ਕੋਈ ਵਾਰਦਾਤ ਕਰਨੀ ਸੀ।

## ਵਿਸ਼ਵ ਹਿੰਦੂ ਪ੍ਰੀਸ਼ਦ ਦਾ ਦਾਅਵਾ: ਅਧੁੱਧਿਆ ਵਿੱਚ ਰਾਮ ਮੰਦਰ ਉਸਾਰੀ ਦਾ ਕਾਰਜ 18 ਮਹੀਨੇ ਵਿੱਚ ਸ਼ੁਰੂ ਹੋ ਜਾਵੇਗਾ

ਨਵੀਂ ਦਿੱਲੀ, 5 ਜੂਨ, (ਪੋਸਟ ਬਿਊਰੋ)- ਕੇਂਦਰ ਵਿੱਚਭਾਜਪਾ ਦੀ ਅਗਵਾਈ ਵਾਲੀ ਨਵੀਂ ਸਰਕਾਰ ਬਣਦੇ ਸਾਰ ਵਿਸ਼ਵ ਹਿੰਦੂ ਪ੍ਰੀਸ਼ਦ ਵੀ ਰਾਮ ਮੰਦਰ ਬਾਰੇ ਇਕ ਵਾਰ ਫਿਰ ਸਰਗਰਮ ਹੋਣ ਲੱਗੀ ਹੈ। ਪ੍ਰੀਸ਼ਦਦਾ ਕਹਿਣਾ ਹੈ ਕਿ ਡੇਢ ਸਾਲ ਦੇ ਅੰਦਰ ਅਯੁੱਧਿਆ ਵਿਚ ਰਾਮ ਮੰਦਰ ਉਸਾਰਨ ਦਾ ਕੰਮ ਸ਼ੁਰੂ ਕਰ ਦਿੱਤਾ ਜਾਵੇਗਾ। ਉਸ ਨੇ ਇਸ ਮੁੱਦੇ ਉੱਤੇ ਚਰਚਾ ਲਈ ਇਸ ਮਹੀਨੇ ਦੇ ਅੰਤ ਵਿਚ ਆਪਣੇ ਸੀਨੀਅਰ ਨੇਤਾਵਾਂ ਦੀ ਬੈਠਕ ਵੀ ਸੱਦ ਲਈ ਹੈ।

ਇਸ ਸੰਬੰਧ ਵਿੱਚ ਵਿਸ਼ਵਹਿੰਦੂ ਪ੍ਰੀਸ਼ਦ ਦੇ ਕਾਰਜਕਾਰੀ ਪ੍ਰਧਾਨ ਆਲੋਕ ਕੁਮਾਰ ਨੇ ਕਿਹਾ ਹੈ ਕਿ ਉਨ੍ਹਾਂ ਦੀ ਹਿੰਦੂ ਪ੍ਰੀਸ਼ਦਰਾਮ ਮੰਦਰ ਦੀ ਉਸਾਰੀ ਕਰਨ ਬਾਰੇ ਅਣਮਿੱਥੇ ਸਮੇਂ ਤਕ ਉਡੀਕ ਨਹੀਂ ਕਰ ਸਕਦੀ। ਇਸ ਲਈ ਨਰਿੰਦਰ ਮੋਦੀ ਸਰਕਾਰ ਦਾ ਦੂਸਰਾ ਸੈਸ਼ਨ ਸ਼ੁਰੂ ਹੋਣ ਦੇ ਇਕ ਮਹੀਨੇ ਅੰਦਰ ਉਸ ਨੂੰ ਉਸ ਦੇ ਵਾਅਦਾ ਯਾਦ ਕਰਾਉਣ ਦਾ ਫ਼ੈਸਲਾ ਕੀਤਾ ਹੈ। ਆਲੋਕ ਕੁਮਾਰ ਨੇ ਕਿਹਾ, 'ਇਕ ਗੱਲ ਸਪਸ਼ਟ ਹੈ ਕਿ ਵਿਸ਼ਵਹਿੰਦੂ ਪ੍ਰੀਸ਼ਦ ਦੋ ਮੁੱਦਿਆਂ ਉੱਤੇ ਕੋਈ ਸਮਝੌਤਾ ਨਹੀਂ ਕਰੇਗੀ, ਪਹਿਲਾ ਭਗਵਾਨ ਰਾਮ ਦੇ ਜਨਮ ਅਸਥਾਨ ਉੱਤੇ ਸਿਰਫ਼ ਰਾਮ ਮੰਦਰ ਬਣੇਗਾ ਅਤੇ ਦੂਸਰਾ ਇਹ ਕਿ ਅਯੁੱਧਿਆ ਦੀ ਸੱਭਿਆਚਾਰਕ ਸੀਮਾ ਦੇ ਅੰਦਰ ਕੋਈ ਮਸਜਿਦ ਨਹੀਂ ਹੋ ਸਕਦੀ।'ਉਨ੍ਹਾਂ ਕਿਹਾ ਕਿ ਵਿਸ਼ਵਹਿੰਦੂ ਪ੍ਰੀਸ਼ਦ ਦੀ ਮਾਰਗਦਰਸ਼ਕ ਕਮੇਟੀ ਦੀ ਬੈਠਕ ਹਰਿ-ਦੁਆਰ ਵਿਚ 19-20 ਜੂਨ ਨੂੰ ਸੱਦੀ ਗਈ ਹੈ। ਓਥੇ ਰਾਮ ਮੰਦਰ ਦੀ ਉਸਾਰੀ ਬਾਰੇ ਮਤਾ ਪਾਸ ਕੀਤਾ ਜਾਵੇਗਾ ਤੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਸੌਂਪਿਆ ਜਾਵੇਗਾ। ਇਸ ਦੇ ਨਾਲ ਪ੍ਰਧਾਨ ਮੰਤਰੀ ਨੂੰ ਭਾਜਪਾ ਦੇ ਚੋਣ ਮੈਨੀਫੈਸਟੋ ਵਿਚ ਰਾਮ ਮੰਦਰ ਬਾਰੇ ਕੀਤੇਵਾਅਦੇ ਦੀ ਯਾਦ ਕਰਾਈ ਜਾਵੇਗੀ, ਕਿਉਂਕਿ ਭਾਜਪਾ ਨੇ ਇਸ ਵਿਚ ਜਿੱਥੇ ਰਾਮ ਮੰਦਰ ਬਣਾਉਣ ਬਾਰੇ ਕਿਹਾ ਸੀ, ਉਥੇ ਪ੍ਰਧਾਨ ਮੰਤਰੀ ਮੋਦੀ ਨੇ ਖੁਦ ਵੀ ਚੋਣ ਪ੍ਰਚਾਰ ਦੌਰਾਨ ਕਿਹਾ ਸੀ ਕਿ ਸਰਕਾਰ ਨੂੰ ਇਸ ਮੁੱਦੇ ਉੱਤੇਅਦਾਲਤ ਦੇ ਫ਼ੈਸਲੇ ਦੀ ਉਡੀਕ ਹੈ।ਸੁਪਰੀਮ ਕੋਰਟ ਨੇ ਇਸ ਮਾਮਲੇ ਨੂੰ ਗੱਲਬਾਤ ਰਾਹੀਂ ਨਿਬੇੜਨ ਲਈ ਤਿੰਨ ਮੈਂਬਰੀ ਕਮੇਟੀ ਬਣਾਈ ਹੋਈ ਹੈ, ਜਿਹੜੀ ਸਭਨਾਂ ਧਿਰਾਂ ਨਾਲ ਗੱਲਬਾਤ ਕਰ ਰਹੀ ਹੈ। ਵਿਸ਼ਵਹਿੰਦੂ ਪ੍ਰੀਸ਼ਦ ਦੇ ਸੂਤਰਾਂ ਦਾ ਕਹਿਣਾ ਹੈ ਕਿ ਉਸ ਨੂੰ ਅਯੁੱਧਿਆ ਵਿਚ ਰਾਮ ਮੰਦਰ ਦੀ ਉਸਾਰੀਤੋਂ ਘੱਟ ਕੁਝ ਵੀ ਮਨਜ਼ੂਰ ਨਹੀਂ ਹੋਣ ਲੱਗਾ। ਉਸ ਦਾ ਇਹ ਵੀ ਕਹਿਣਾ ਹੈ ਕਿ ਜੇ ਸਰਕਾਰ ਲਖਨਊ ਵਰਗੇ ਕਿਸੇ ਮੁਸਲਿਮ ਬਹੁ-ਗਿਣਤੀ ਇਲਾਕੇ ਵਿਚ ਨਵੀਂ ਮਸਜਿਦ ਬਣਾਉਣ ਲਈ ਜ਼ਮੀਨ ਅਤੇ ਪੈਸਾ ਵੀ ਜਾਰੀ ਕਰ ਦਿੰਦੀ ਹੈ ਤਾਂ ਉਸ ਨੂੰ ਕੋਈ ਇਤਰਾਜ਼ ਨਹੀਂ ਹੋਵੇਗਾ।

# ਪਾਕਿ ਦੇ ਵਿਦੇਸ਼ ਸੈਕਟਰੀ ਅਚਾਨਕ ਦਿੱਲੀ ਪੁੱਜੇ, ਮੋਦੀ-ਇਮਰਾਨ ਮੁਲਾਕਾਤ ਦੇ ਚਰਚੇ ਸ਼ੁਰੂ

ਨਵੀਂ ਦਿੱਲੀ, 5 ਜੂਨ, (ਪੋਸਟ ਬਿਊਰੋ)- ਭਾਰਤ-ਪਾਕਿਸਤਾਨ ਵਿਚਾਲੇ ਗੱਲਬਾਤ ਦੀ ਕੱਲ੍ਹ ਤੱਕ ਕੋਈ ਚਰਚਾ ਨਹੀਂ ਸੀ, ਪਰ ਬੁੱਧਵਾਰ ਸ਼ਾਮ ਅਚਾਨਕ ਇਸ ਦੇ ਕਿਆਫੇ ਸ਼ੁਰੂ ਹੋ ਗਏ, ਜਦੋਂ ਪਾਕਿਸਤਾਨ ਦੇ ਵਿਦੇਸ਼ ਸੈਕਟਰੀ ਸੁਹੇਲ ਮਹਿਮੂਦ ਨਵੀਂ ਦਿੱਲੀ ਵਿੱਚ ਆਣ ਪੁੱਜੇ। ਪਾਕਿ ਵਿਦੇਸ਼ ਸੈਕਟਰੀ ਸੁਹੇਲ ਮਹਿਮੂਦ ਨੇ ਆਪਣੀ ਈਦ ਦੀ ਨਮਾਜ਼ ਵੀ ਅੱਜਦਿੱਲੀਦੀ ਜਾਮਾ ਮਸਜਿਦ ਵਿੱਚਅਦਾ ਕੀਤੀ। ਦੂਸਰੇ ਪਾਸੇ ਪਾਕਿਸਤਾਨ ਵਿੱਚ ਭਾਰਤੀ ਹਾਈ ਕਮਿਸ਼ਨਰ ਅਜੈ ਬਿਸਾਰੀਆਦੀ ਅੱਜ ਈਦ ਦੇ ਮੌਕੇ ਪਾਕਿਸਤਾਨ ਦੇ ਪ੍ਰਧਾਨ ਮੰਤਰੀ ਇਮਰਾਨ ਖ਼ਾਨ ਨਾਲ ਮੁਲਾਕਾਤ ਹੋ ਗਈ।



ਹਾਲ ਦੀ ਘੜੀ ਪਾਕਿਸਤਾਨ ਦੇ ਵਿਦੇਸ਼ ਸੈਕਟਰੀ ਸੁਹੇਲ ਮਹਿਮੂਦ ਦੇ ਨਵੀਂ ਦਿੱਲੀ ਦੌਰੇ ਨੂੰ ਨਿੱਜੀ ਕਿਹਾ ਜਾ ਰਿਹਾ ਹੈ, ਪਰ 10 ਦਿਨਾਂ ਬਾਅਦ ਕਿਰਗਿਜ਼ਸਤਾਨ ਵਿੱਚ ਹੋ ਰਹੇ ਸ਼ੰਘਾਈ ਕੋਆਰਪ੍ਰੇਸ਼ਨ ਆਰਗੇਨਾਈਜ਼ੇਸ਼ਨ (ਐੱਸਸੀਓ) ਦੇ ਸਮਾਗਮ ਦੌਰਾਨ ਪਾਕਿਸਤਾਨੀਪ੍ਰਧਾਨ ਮੰਤਰੀ ਇਮਰਾਨ ਖ਼ਾਨ ਤੇ ਭਾਰਤ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੋਵਾਂ ਦੇ ਓਥੇ ਇਕੱਠੇ ਹੋਣ ਦੇ ਪ੍ਰੋਗਰਾਮਕਾਰਨ ਕਈ ਕਿਆਫੇ ਲੱਗਣ ਲੱਗੇ ਹਨ। ਬੀਤੇ ਅਪ੍ਰੈਲ ਵਿੱਚ ਵਿਦੇਸ਼ ਸੈਕਟਰੀ ਬਣਾਏ ਜਾਣਤੋਂ ਪਹਿਲਾਂ ਸੁਹੇਲ ਮਹਿਮੂਦ ਦਿੱਲੀ ਵਿੱਚ ਪਾਕਿਸਤਾਨ ਦੇ ਹਾਈ ਕਮਿਸ਼ਨਰ ਹੁੰਦੇ ਸਨ। ਵਿਦੇਸ਼ ਸੈਕਟਰੀ ਨਿਯੁਕਤ ਹੋਣ ਦੇ ਬਾਅਦ ਉਹ 14 ਅਪਰੈਲ ਨੂੰ ਇਸਲਾਮਾਬਾਦ ਚਲੇ ਗਏ ਸਨ।

ਇਸ ਸੰਬੰਧ ਵਿੱਚ ਪਾਕਿਸਤਾਨੀ ਹਾਈ ਕਮਿਸ਼ਨ ਦਾ ਕਹਿਣਾ ਹੈ ਕਿ ਸੁਹੇਲ ਮਹਿਮੂਦ ਦੇ ਬੱਚੇ ਦਿੱਲੀ ਵਿੱਚ ਪੜ੍ਹਦੇ ਹਨ ਤੇ ਉਨ੍ਹਾਂ ਦੇ ਇਮਤਿਹਾਨਾਂ ਤੱਕ ਸੁਹੇਲ ਮਹਿਮੂਦ ਦਾ ਪਰਿਵਾਰ ਦਿੱਲੀ ਵਿੱਚ ਰਹਿ ਗਿਆ ਸੀ, ਉਨ੍ਹਾਂ ਨੂੰ ਵਾਪਸ ਲੈ ਕੇ ਜਾਣ ਲਈ ਉਹ ਦਿੱਲੀ ਆਏ ਹਨ ਅਤੇ ਸ਼ੁੱਕਰਵਾਰ ਨੂੰ ਪਰਿਵਾਰ ਸਮੇਤ ਪਾਕਿਸਤਾਨ ਵਾਪਸ ਜਾਣਗੇ। ਉਨ੍ਹਾਂ ਦੀ ਦਿੱਲੀ ਵਿੱਚ ਕਿਸੇ ਨਾਲ ਰਸਮੀ ਮੁਲਾਕਾਤ ਤੈਅ ਨਹੀਂ ਦੱਸੀ ਗਈ, ਪਰ ਗ਼ੈਰਰਸਮੀ ਤੌਰ ਉੱਤੇ ਕਿਸੇ ਮੁਲਾਕਾਤ ਦੀ ਸੰਭਾਵਨਾ ਤੋਂ ਇਨਕਾਰ ਵੀ ਨਹੀਂ ਕੀਤਾ ਜਾ ਰਿਹਾ।

ਪਾਕਿਸਤਾਨ ਦੇ ਵਿਦੇਸ਼ ਸੈਕਟਰੀ ਦੇ ਦਿੱਲੀ ਦੌਰੇ ਅਤੇ ਭਾਰਤ ਦੇ ਹਾਈ ਕਮਿਸ਼ਨਰ ਦੀ ਅੱਜ ਇਮਰਾਨ ਖ਼ਾਨ ਨਾਲ ਹੋਈ ਅਚਾਨਕ ਮੁਲਾਕਾਤ ਦੇ ਕਾਰਨ ਡਿਪਲੋਮੈਟਿਕ ਹਲਕਿਆਂ ਵਿੱਚ ਕਈ ਕਿਆਫੇ ਲੱਗ ਰਹੇ ਹਨ। ਅਗਲੀ 13 ਅਤੇ 14 ਜੂਨ ਨੂੰ ਕਿਰਗਿਜ਼ਸਤਾਨ ਵਿੱਚਐੱਸਸੀਓ ਦੀ ਬੈਠਕ ਵਿੱਚ ਨਰਿੰਦਰ ਮੋਦੀ ਅਤੇ ਇਮਰਾਨ ਖ਼ਾਨ ਦੋਵੇਂ ਹਿੱਸਾ ਲੈਣ ਵਾਲੇ ਹਨ। ਓਥੇ ਦੋਵਾਂ ਦੀ ਕੋਈ ਆਪਸੀ ਮੁਲਾਕਾਤ ਹਾਲੇ ਤੱਕ ਤੈਅ ਨਹੀਂ ਹੋਈ, ਪਰ ਪਾਕਿਸਤਾਨ ਗੱਲਬਾਤ ਸ਼ੁਰੂ ਕਰਨ ਲਈ ਲਗਾਤਾਰ ਰਾਹ ਕੱਢ ਰਿਹਾ ਹੈ। ਪਾਰਲੀਮੈਂਟ ਚੋਣਾਂ ਵਿੱਚ ਨਰਿੰਦਰ ਮੋਦੀ ਦੀ ਅਗਵਾਈ ਹੇਠਲੇ ਗੱਠਜੋੜ ਦੀ ਇਤਿਹਾਸਕ ਜਿੱਤ ਤੋਂ ਬਾਅਦ ਇਮਰਾਨ ਖ਼ਾਨ ਨੇ ਪ੍ਰਧਾਨ ਮੰਤਰੀ ਮੋਦੀ ਨੂੰ ਫੋਨ ਉੱਤੇ ਵਧਾਈ ਦਿੱਤੀ ਤੇ ਦੱਖਣੀ ਏਸ਼ੀਆ ਵਿੱਚ ਸਥਾਈ ਸ਼ਾਂਤੀ ਲਈ ਮਿਲ ਕੇ ਕੰਮ ਕਰਨ ਦੀ ਲੋੜ ਦਾ ਜ਼ਿਕਰ ਕੀਤਾ ਸੀ, ਪਰ ਮੋਦੀ ਨੇ ਉਨ੍ਹਾਂ ਨੂੰ ਸਾਫ ਕਿਹਾ ਸੀ ਕਿ ਅੱਤਵਾਦ ਤੇ ਹਿੰਸਾ ਉੱਤੇ ਰੋਕ ਲਾਏ ਬਿਨਾਂ ਸਥਾਈ ਸ਼ਾਂਤੀ ਸੰਭਵ ਨਹੀਂ। ਪਾਕਿਸਤਾਨੀ ਵਿਦੇਸ਼ ਸੈਕਟਰੀ ਸੁਹੇਲ ਮਹਿਮੂਦ ਵੀ ਲਗਾਤਾਰ ਭਾਰਤ-ਪਾਕਿ ਗੱਲਬਾਤ ਸ਼ੁਰੂ ਕਰਨ ਦੀ ਗੱਲ ਕਰਦੇ ਰਹੇ ਹਨ ਅਤੇ ਉਨ੍ਹਾਂ ਦਾ ਅੱਜ ਆਉਣਾ ਅਰਥ ਰੱਖਦਾ ਹੈ।

## ਜੰਮੂ ਕਸ਼ਮੀਰ 'ਚ ਹੱਦਬੰਦੀ ਕਰਾਉਣ ਬਾਰੇ ਚਰਚਾ ਕੇਂਦਰੀ ਗ੍ਰਹਿ ਮੰਤਰਾਲੇ ਨੇ ਰੋਕੀ

ਸ੍ਰੀਨਗਰ, 5 ਜੂਨ, (ਪੋਸਟ ਬਿਊਰੋ)- ਭਾਰਤ ਦੇਕੇਂਦਰੀ ਗ੍ਰਹਿ ਮੰਤਰਾਲੇ ਨੇ ਜੰਮੂ-ਕਸ਼ਮੀਰ ਦੀ ਮੁੜ ਹੱਦਬੰਦੀ ਕਰਾਉਣਲਈ ਇੱਕ ਕਮਿਸ਼ਨ ਬਣਾਉਣ ਦੀ ਚਰਚਾ ਉੱਤੇ ਰੋਕ ਲਾਉਂਦੇ ਹੋਏ ਕਿਹਾ ਹੈ ਕਿ ਇਸ ਬਾਰੇ ਹਾਲੇ ਕੋਈ ਚਰਚਾ ਨਹੀਂ ਹੋਈ, ਪਰ ਇਸ ਰਾਜ ਦੀ ਸਿਆਸਤ ਵਿੱਚ ਇਸ ਮੁੱਦੇਬਾਰੇ ਉੱਠਿਆ ਤੂਫਾਨ ਰੁਕਨਹੀਂ ਰਿਹਾ।

ਕਸ਼ਮੀਰ ਦੇ ਹਾਲਾਤ ਦੇ ਜਾਣਕਾਰਾਂ ਮੁਤਾਬਕ ਇਸ ਰਾਜ ਵਿੱਚ ਮੁੜ ਹੱਦਬੰਦੀ ਕਰਨ ਵਾਸਤੇ ਕਮਿਸ਼ਨ ਦਾ ਗਠਨ ਕਰਨਾਇੱਕ ਚੁਣੌਤੀ ਦਾਕੰਮ ਹੈ, ਕਿਉਂਕਿ ਵੱਖਵਾਦੀ ਅਨਸਰ ਇਸ ਨੂੰ ਕਸ਼ਮੀਰ ਬਨਾਮ ਜੰਮੂ-ਕਸ਼ਮੀਰ ਬਨਾਮ ਦਿੱਲੀ ਦੀ ਜੰਗ ਬਣਾਉਣ ਦਾ ਮੌਕਾ ਬਣਾਉਣ ਲੱਗ ਜਾਣਗੇ। ਬੀਤੇ ਮੰਗਲਵਾਰ ਭਾਰਤ ਦੇ ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਜੰਮੂ-ਕਸ਼ਮੀਰ ਦੇ ਹਾਲਾਤ ਉੱਤੇ ਚਰਚਾ ਲਈ ਕੇਂਦਰੀ ਗ੍ਰਹਿ ਸੈਕਟਰੀ ਸਮੇਤ ਗ੍ਰਹਿ ਮੰਤਰਾਲੇ ਦੇ ਸੀਨੀਅਰ ਅਫਸਰਾਂ ਦੀ ਬੈਠਕ ਸੱਦੀ ਸੀ, ਜਿਸ ਵਿੱਚਗਵਰਨਰ ਸੱਤਿਆਪਾਲ ਮਲਿਕ ਵੱਲੋਂ ਕੇਂਦਰੀ ਗ੍ਰਹਿ ਮੰਤਰੀ ਨੂੰ ਇਸ ਰਾਜ ਦੇ ਹਾਲਾਤਬਾਰੇ ਦਿੱਤੀ ਗਈ ਰਿਪੋਰਟ ਉੱਤੇਵੀ ਵਿਚਾਰ ਹੋਈ ਸੀ।ਬੈਠਕ ਤੋਂ ਸੰਕੇਤ ਮਿਲੇ ਸਨ ਕਿ ਕੇਂਦਰ ਸਰਕਾਰ ਜੰਮੂ-ਕਸ਼ਮੀਰ ਵਿੱਚ ਮੁੜ ਹੱਦਬੰਦੀ ਕਮਿਸ਼ਨ ਦਾ ਗਠਨ ਕਰਨ ਤੇ ਸਿਆਸੀ ਨਕਸ਼ਾ ਬਦਲਣ ਦੇ ਰੌਂਅ ਵਿੱਚ ਹੈ ਤੇ ਲੱਗਦਾ ਹੈ ਕਿ ਜੰਮੂ ਡਵੀਜ਼ਨਤੋਂ ਸੀਟਾਂ ਦੀ ਗਿਣਤੀ ਵਧਾਉਣ ਦੇ ਨਾਲ ਅਨੁਸੂਚਿਤ ਕਬੀਲਿਆਂ ਦੇ ਲੋਕਾਂ ਲਈ ਸੀਟਾਂ ਰਿਜ਼ਰਵਹੋ ਸਕਦੀਆਂ ਹਨ।

ਇਸ ਸੰਬੰਧ ਵਿੱਚ ਕੇਂਦਰੀ ਗ੍ਰਹਿ ਮੰਤਰਾਲੇ ਦੀ ਬੈਠਕ ਦੇ ਬਾਅਦ ਹੱਦਬੰਦੀ ਦੀ ਖ਼ਬਰਾਂ ਨਾਲ ਜੰਮੂ-ਕਸ਼ਮੀਰ ਵਿੱਚ ਸਿਆਸੀ ਹਲਚਲ ਸ਼ੁਰੂ ਹੋ ਗਈ ਅਤੇ ਓਥੋਂ ਵਾਲੀਆਂ ਸਿਆਸੀ ਪਾਰਟੀਆਂ ਨੈਸ਼ਨਲ ਕਾਨਫਰੰਸ ਅਤੇ ਪੀਪਲਜ਼ ਡੈਮੋਕ੍ਰੇਟਿਕ ਪਾਰਟੀ ਨੇ ਅੰਦੋਲਨ ਛੇੜਨ ਦੀ ਚਿਤਾਵਨੀ ਦੇ ਦਿੱਤੀ ਸੀ। ਅੱਜ ਦੇ ਕੇਂਦਰ ਸਰਕਾਰ ਦੇ ਸਪੱਸ਼ਟੀਕਰਨ ਪਿੱਛੋਂਇਸ ਰਾਜ ਦੀ ਕਾਂਗਰਸ ਦੇ ਬੁਲਾਰੇ ਰਵਿੰਦਰ ਸ਼ਰਮਾ ਨੇ ਕਿਹਾ ਕਿ ਅਸੀਂ ਪਹਿਲਾਂ ਹੀ ਕਿਹਾ ਸੀ ਕਿ ਵਿਧਾਨ ਸਭਾ ਚੋਣਾਂ ਵੱਲ ਵੇਖ ਕੇ ਕੇਂਦਰ ਸਰਕਾਰ ਨੇ ਸ਼ੋਸ਼ਾ ਹੀ ਛੱਡਿਆ ਹੈ।ਨੈਸ਼ਨਲ ਕਾਂਗਰਸ ਦੇ ਸੀਨੀਅਰ ਨੇਤਾ ਅਤੇ ਸਾਬਕਾ ਵਿਧਾਇਕ ਅਲੀ ਮੁਹੰਮਦ ਸਾਗਰ ਨੇ ਕਿਹਾ ਕਿ ਭਾਜਪਾ ਆਪਣੇ ਸਿਆਸੀ ਇਰਾਦੇ ਪੂਰੇ ਕਰਨ ਲਈ ਇਸ ਰਾਜ ਦੇ ਹਾਲਾਤ ਵਿਗਾੜਨਾ ਚਾਹੁੰਦੀ ਹੈ, ਜਦ ਕਿ ਮੁੜ ਹੱਦਬੰਦੀ ਕਮਿਸ਼ਨ ਦਾ ਗਠਨ ਕਰਨਾ ਸੰਵਿਧਾਨਕ ਮੁੱਦਾ ਹੈ। ਉਨ੍ਹਾਂ ਕਿਹਾ ਕਿ ਕੇਂਦਰ ਸਰਕਾਰ ਨੇ 2001 ਵਿੱਚ 2026 ਤਕ ਪੂਰੇ ਦੇਸ਼ ਵਿੱਚ ਮੁੜ ਹੱਦਬੰਦੀ ਉੱਤੇ ਰੋਕ ਲਾਈ ਹੋਈ ਹੈ, ਫਿਰ ਜੰਮੂ ਕਸ਼ਮੀਰ ਵਿੱਚ ਹੀ ਮੁੱਦਾ ਕਿਉਂ ਬਣਾਇਆ ਜਾ ਰਿਹਾ ਹੈ, ਜੇ ਕੇਂਦਰ ਸਰਕਾਰ ਜੰਮੂ-ਕਸ਼ਮੀਰ ਵਿੱਚ ਅਜਿਹਾ ਕੋਈ ਕਦਮ ਚੁੱਕਦੀ ਅਤੇ ਫ਼ਿਰਕੂ ਆਧਾਰ ਉੱਤੇ ਵਿਧਾਨ ਸਭਾ ਖੇਤਰਾਂ ਵਿੱਚ ਬਦਲਾਅ ਕਰਦੀ ਹੈ ਤਾਂਵੱਡਾ ਅੰਦੋਲਨ ਹੋ ਸਕਦਾ ਹੈ

ਅੰਤਿਮ ਅਰਦਾਸ
ਆਪ ਜੀ ਨੂੰ ਦੁਖੀ ਹਿਰਦੇ ਨਾਲ ਸੂਚਿਤ ਕੀਤਾ ਜਾਂਦਾ ਹੈ ਕਿ ਸਾਡੇ ਸਤਿਕਾਰਯੋਗ ਪਿਤਾ ਜੀ
ਸ੍ਰ. ਮਨਜੀਤ ਸਿੰਘ ਸੋਢੀ
ਜੋ ਕਿ 01-06-2019 ਦਿਨ ਸ਼ਨਿੱਚਰਵਾਰ ਨੂੰ ਆਪਣੀ ਸੰਸਾਰਿਕ ਯਾਤਰਾ ਪੂਰੀ ਕਰਕੇ ਗੁਰੂ ਚਰਨਾਂ ਵਿੱਚ ਜਾ ਬਿਰਾਜੇ ਹਨ। ਉਨ੍ਹਾਂ ਦੀ ਆਤਮਿਕ ਸ਼ਾਂਤੀ ਲਈ ਰੱਖੇ ਗਏ ਸ੍ਰੀ ਸਹਿਜ ਪਾਠ ਸਾਹਿਬ ਜੀ ਦਾ ਭੋਗ ਅਤੇ ਅੰਤਿਮ ਅਰਦਾਸ ਮਿਤੀ 09-06-2019 ਦਿਨ ਐਤਵਾਰ ਨੂੰ ਗੁਰਦੁਆਰਾ ਗੁਰਪ੍ਰਸਾਦਿ ਸਾਹਿਬ, ਸਨਰਾਈਜ ਹੋਟਲ ਦੇ ਪਿੱਛੇ, ਸਰਹਿੰਦ ਰੋਡ, ਘੁੰਮਣ ਨਗਰ, ਪਟਿਆਲਾ ਵਿਖੇ 12:30 ਤੋਂ 1:30 ਵਜੇ ਤੱਕ ਪਵੇਗਾ। ਅੰਤਿਮ ਅਰਦਾਸ ਵਿੱਚ ਸ਼ਾਮਿਲ ਹੋਣ ਦੀ ਕ੍ਰਿਪਾਲਤਾ ਕਰਨੀ ਜੀ।
ਦੁਖੀ ਹਿਰਦੇ :
ਸ੍ਰੀਮਤੀ ਸਤਿੰਦਰ ਕੌਰ (ਪਤਨੀ)
ਸ੍ਰ. ਅਵਤਾਰ ਸਿੰਘ ਸੋਢੀ (ਪੁੱਤਰ)
ਸ੍ਰ. ਜਸਪਾਲ ਸਿੰਘ ਸੋਢੀ (ਪੁੱਤਰ)
ਸ੍ਰ. ਪ੍ਰਿਤਪਾਲ ਸਿੰਘ ਸੋਢੀ (ਪੁੱਤਰ)
ਸ੍ਰੀਮਤੀ ਮਨਿੰਦਰ ਕੌਰ ਸੋਢੀ (ਪੁੱਤਰੀ)
ਸ੍ਰ. ਸੁਖਮੰਦਰ ਸਿੰਘ ਬੇਦੀ (ਜਵਾਈ)
ਸੰਪਰਕ ਨੰ: 85680-00123, 95308-75670

ਆਓ ਸੱਤ ਸਮੁੰਦਰੋ ਪਾਰ ਵਾਲਿਆਂ ਦਾ ਵੀ ਸੋਚੀਏ
Super Visa
- How your spouse can join you within 4-6 months
- How your parents can join you
- How students & skilled people can come to Canada
- How international Students & Foreign workers can get their immigration
We do appeal for Refusal cases also
Sponsor Your Family
MacroGlobal Immigration Services Ltd.
Seema Bhayana
MEMBER ICCRC
Ph: 905 452 0000, 905 452 9999
180 Wilkinson Road, Unit 18 Brampton, ON L6T 4M3
Fax: 905 452 9996 Email: macroglobal@rogers.com
www.macroimmigration.com

"Quality is our strength."
SKYDOME GROUP OF COMPANIES
MINISTRY APPROVED SALVAGE INSPECTION STATION
WE DEAL WITH ALL INSURANCE COMPANIES
Body Centre
Specializing In:
Inderjit Singh
Daljit Singh
308 Rutherford Road Brampton
905-874-9878
Skydome Emission & Allignment Centre Inc.
210 Rutherford Rd., Brampton
905-450-9878
WE SELL QUALITY USED CARS
STAFFORD TRUCK CENTRE
30 Stafford Dr., Brampton, Tel: 905-460-1414
HEAD OFFICE: 905-874-9878
Toll Free: 1-877-799-9878, www.skydomeauto.ca

Paramjit Deol CELL: 416-993-7378
Broker 7071 Airport Rd, Suit 201, Mississauga, ON
1. For top dollars, fast sale, Call Paramjit Deol
2 .New listings urgently needed in your area.
3. Qualified buyers waiting!!
4. Sell your Property in 60 days guaranteed.
5. Low commission packages available
Century 21 Leading Edge Realty Ltd Brokerage* Independently Owned and Operated
Tel:905-405-8484
www.paramjitdeol.com
Email: pdeol3@yahoo.ca
Your neighborhood broker, Call Paramjit Deol Today

TORONTO $2,150
50 Bruyeres Mews 901:Great Prime Downtown Location! 1 Bedroom + 1 Bath Suite Very Spacious Layout Laminate Floor, Open Concept Kitchen. Stainless Steel Appliances, Granite Counter, Ensuite Laundry, Amenities Included, Gym, Media Room. etc.

MISSISAUGA $99,900
1224 Dundas St W : Turn Key Operation, Be Your Own Boss Today, Well Established Hair Salon & Barber Shop Situated In A Very Busy Plaza Located In A Prestige Area Of Erindale Woodlands, Thousands Spent On Renovations Recently. Very low rent.

St. Catharine $199,999
73 St Paul : Excellent Turn Key Operation, Well Established Franchise Vape & Smoke Shops. Great Opportunity For Entrepreneurs That Want To Think Outside The Box!! Situated In A High Traffic Area.

BRAMPTON $229,000
Photo Not Available
10970 Bramalea Rd: Fantastic Opportunity In The Heart Of Brampton, Very Busy Restaurant Available , Excellent Location And Repeat Clientele , You Will Not Be Disappointed . Flexible Business Hours. Serving Both Indian & Canadian Items. Will Not Last Long!

BRAMPTON $75,000
Photo Not Available
135 Inspire Blvd: Turn Key Operation, Great Opportunity To Own A Well Established & Busy Pizza Store, Located In High Demanded Area Of Brampton, Sales Are $20,000 As Per Seller, Very Low Rent Of $1920 Per Month, Close To Schools,Commercial & Industrial area.

MISSISSAUGA $169,900
Photo Not Available
7215 Goreway dr : Attention Investors!! Great Opportunity To Own A Unit In A Very Busy Plaza, Fully Constructed For Barber Shop Or Hair Salon, 3 Stations, Great Exposure And High Traffic Flow Daily Right Beside Fit4Less, Walmart, Freshco, Shoppers Drug Mart, Lcbo Close To amenities.

TORONTO $289,000
Kipling/Dixon/401: Oversized Large Spacious 3 Bedroom Apartment With 2 Washrooms Beautifully Maintained. Many Upgrades To The Common Elements Of This Building , Very Desirable Neighbourhood To Live In Or Invest. Close To All Amenities

BURLINGTON $299,000
701 GUELPH LINE : Excellent Turn Key Operation, Well Established Franchise Vape & Smoke Shops. Great Opportunity For Entrepreneurs That Want To Think Outside The Box!! Situated In A High Traffic Area, Great Clientele.

BRAMPTON $789,800
Queen St/ Chinguacousy: Fieldgate Home, Gas Fireplace, Entrance To Garage, Central Vac Rough-In, 9 Ft Ceilings, Cold Cellar, 3 Pcs Rough-In Bath In Bsmt, Glass Shower & Oval Soaker Tub In Master Ensuite, Tray Ceiling In Master, Upgraded kitchen.

BRAMPTON $330,000
SUBWAY eat fresh.
3024 Hurontario St G7 : Well Established. Turn Key Operation Subway Franchise, Be Your Own Boss Today, Located In A High Density Intersection, High Volume Traffic Flow, Sales Are $32,000.

BRAMPTON $449,000
315 Royal West Dr F & G : Be Your Own Boss Today! Opportunity To Own A Known Fitness Franchise "Anytime Fitness" Located In Brampton West, Newer Plaza, 750 Members & Growing, All New Equipment. Sales Are $30,000/Month,

CALEDON $399,000
Photo Not Available
12612 HIGHWAY 50: Sale Of Business Without Property Bakery
Please call 905-405-8484

BRANTFORD $499,000
Photo Not Available
639 Collarbone St W: Land For Sale! Amazing Opportunity For Investors, 1.4 Acres Land Huge Frontage Of 321.81 Facing Colborne St W, Many Uses Allowed Some Are Veterinary Clinic, Nursery & Garden Centre, Medical Marijuana Productions Facility Car Wash, Lumber Mill, Contractor Yard.

New Tecumseth $899,800
73 Morrison Ave: One Of A Kind Home With Custom Design Changes, Butlers Pantry, Main Floor Laundry & Added Sq Ft! 9' +/- Main Floor Ceilings, Under-Mount Kitchen Sink, Wall-Mount Pot Filler. Entrance To Garage From Home. Finished Basement.

MISSISAUGA $629,000
Photo Not Available
7680 Benavon Rd: Beautifully Kept Semi-Detached Home In One Of Malton's Prime Areas. Large 3 Bedrooms On 2nd Floor, Basement Is Finished With Separate Entrance. Excellent Opportunity For Investors.

WOODSTOCK $1,125,000
257 Dundas St: Fantastic Investment Opportunity!! Brand New Built Store Front W/Apt, Situated In A Prime Location In Woodstock, Retail Area 1500 Sq Ft & Basement Included For Storage, 3 Bedroom Apartment On Upper Level, Brand New Built.

*Canadian punjabi post assumes no responsibility for the accuracy of any information shown. Copyright Ppost 2019

# ਰੈੱਡ ਵਿੱਲੋ ਕਲੱਬ ਨੇ ਵਿਸਾਖੀ ਦਾ ਤਿਉਹਾਰ ਮਨਾਇਆ





(ਹਰਜੀਤ ਬੇਦੀ): ਪੰਜਾਬੀ ਦੁਨੀਆਂ ਦੇ ਕਿਸੇ ਕੋਨੇ ਵਿੱਚ ਵੀ ਚਲੇ ਜਾਣ ਆਪਣੇ ਤਿੱਥ ਤਿਉਹਾਰ ਮਨਾਉਣੋਂ ਘੱਟ ਹੀ ਖੁੰਝਦੇ ਹਨ। ਬਰੈਂਪਟਨ ਦੀ ਨਾਮੀ ਰੈਂਡ ਵਿੱਲੋ ਸੀਨੀਅਰਜ਼ ਕਲੱਬ ਦੇ ਮੈਂਬਰਾਂ ਨੇ ਪਿਛਲੇ ਹਫਤੇ ਰੈਂਡ ਵਿੱਲੋ ਪਬਲਿਕ ਸਕੂਲ ਵਿੱਚ ਰਲ ਮਿਲ ਕੇ ਵਿਸਾਖੀ ਦਾ ਤਿਉਹਾਰ ਮਨਾਇਆ। ਆਏ ਹੋਏ ਮਹਿਮਾਨਾਂ ਤੇ ਮੈਂਬਰਾਂ ਦੀ ਚਾਹ ਪਾਣੀ ਨਾਲ ਬੜੇ ਸੁਚੱਜੇ ਢੰਗ ਨਾਲ ਸੇਵਾ ਕੀਤੀ ਗਈ। ਮੈਂਬਰ ਖਾਣ ਪੀਣ ਦੇ ਨਾਲ ਆਪਣੇ ਮਿੱਤਰਾਂ ਨਾਲ ਗੱਲਾਂ ਬਾਤਾਂ ਵੀ ਸਾਂਝੀਆਂ ਕਰਦੇ ਰਹੇ।

ਇਸ ਉਪਰੰਤ ਸਕੱਤਰ ਮਾ: ਕੁਲਵੰਤ ਸਿੰਘ ਨੇ ਪਰਧਾਨ ਗੁਰਨਾਮ ਸਿੰਘ ਗਿੱਲ ਨੂੰ ਸਟੇਜ ਤੇ ਆਉਣ ਦਾ ਸੱਦਾ ਦਿੱਤਾ। ਉਹਨਾਂ ਨੇ ਸਭ ਨੂੰ ਜੀ ਆਇਆਂ ਕਹਿੰਦਿਆਂ ਮੈਂਬਰਾਂ ਨੂੰ ਬੇਨਤੀ ਕੀਤੀ ਕਿ ਕਲੱਬ ਦੀ ਕਾਰਗੁਜਾਰੀ ਨੂੰ ਹੋਰ ਵਧੀਆ ਬਣਾਉਣ ਜਾਂ ਕਿਸੇ ਕਿਸਮ ਦੀ ਤਬਦੀਲੀ ਲਈ ਸੁਝਾਅ ਦਿੱਤੇ ਜਾਇਆ ਕਰਨ। ਇਸ ਤੋਂ ਬਾਦ ਰੀਜਨਲ ਕਾਊਂਸਲਰ ਪੈਟ ਫੋਰਟੀਨੀ ਨੇ ਦੱਸਿਆ ਕਿ ਸਿਟੀ ਕਾਊਂਸਲ ਦੇ ਸਾਰੇ ਮੈਂਬਰ ਮਿਲ ਕੇ ਲੋਕਾਂ ਖਾਸ ਕਰ ਕੇ ਸੀਨੀਅਰਜ਼ ਨੂੰ ਦਰਪੇਸ਼ ਮੁਸਕਲਾਂ ਦੇ ਹੱਲ ਲਈ ਕੰਮ ਕਰ ਰਹੇ ਹੇਨ। ਉਹਨਾਂ ਨੇੜ ਭਵਿੱਖ ਵਿੱਚ ਸਿਟੀ ਬੱਸਾਂ ਦੇ ਕਿਫਾਇਤੀ ਮਹੀਨਾਵਾਰ ਪਾਸ ਜਾਰੀ ਕਰਨ ਦੀ ਖੁਸ਼ਖਬਰੀ ਦਿੱਤੀ। ਉਸ ਨੇ ਇਹ ਵੀ ਦੱਸਿਆਂ ਕਿ ਦੁਰਘਟਨਾਵਾਂ ਤੇ ਕਾਬੂ ਲਈ ਸਪੀਡ ਕੰਟਰੋਲ ਲਈ ਕੈਮਰੇ ਲਗਾਏ ਜਾ ਰਹੇ ਹਨ। ਅਮਰਜੀਤ ਸ਼ਰਮਾ ਨੇ ਵਿਸਾਖੀ ਅਤੇ ਰੁੱਤਾਂ ਦੇ ਮਹੱਤਵ ਬਾਰੇ ਵਿਚਾਰ ਸਾਂਝੇ ਕੀਤੇ। ਉਸ ਨੇ ਇਹ ਮੰਗ ਵੀ ਜਾਹਰ ਕੀਤੀ ਕਿ 65 ਸਾਲ ਦੀ ਉਮਰ ਵਿੱਚ ਸਭ ਨੂੰ ਪੈਨਸ਼ਨ ਮਿਲਣੀ ਚਾਹੀਦੀ ਹੈ।

ਇਸ ਦੌਰਾਨ ਨਿਰਮਲਾ ਪਰਾਸ਼ਰ ਨੇ ਆਪਣੇ ਖਾਸ ਅੰਦਾਜ ਵਿੱਚ ਭਜਨ ਪੇਸ਼ ਕੀਤਾ।

ਜੰਗੀਰ ਸਿੰਘ ਸੈਂਭੀ ਨੇ ਸਿਹਤ ਸੰਭਾਲ ਬਾਰੇ ਗੱਲ ਕਰਦਿਆਂ ਐਕਟਿਵ ਅਸਿਸਟ ਦੀ ਵਰਤੋਂ ਕਰਨ ਦੀ ਸਲਾਹ ਦਿੱਤੀ। ਸਸਤੀਆਂ ਫਿਉਨਰਲ ਸੇਵਾਵਾਂ ਬਾਰੇ ਵਿਸਥਾਰ ਨਾਲ ਵਿਚਾਰ ਰੱਖੇ। ਪਿਛਲੇ ਕਈ ਸਾਲਾਂ ਤੋਂ ਰੈਂਡ ਵਿੱਲੋ ਕਲੱਬ ਦੇ ਕਾਫੀ ਮੈਂਬਰਾਂ ਵਲੋਂ ਵਾਲੰਟੀਅਰ ਤੌਰ ਤੇ ਕੀਤੀ ਜਾ ਰਹੀ ਨੇਬਰਹੁੱਡ ਕਲੀਨਿੰਗ ਦੀ ਸ਼ਲਾਘਾ ਕਰਦਿਆਂ ਸੁਝਾਅ ਦਿੱਤਾ ਕਿ ਹੋਰ ਮੈਂਬਰਾਂ ਨੂੰ ਵੀ ਇਸ ਨੇਕ ਕਾਰਜ ਲਈ ਅੱਗੇ ਆਉਣਾ ਚਾਹੀਦਾ ਹੈ। ਇਸ ਕਲੱਬ ਦੇ ਮੈਂਬਰ ਅਤੇ ਐਸੋਸੀਏਸ਼ਨ ਆਫ ਸੀਨੀਅਰਜ਼ ਕਲੱਬਜ਼ ਆਫ ਬਰੈਂਪਟਨ ਦੇ ਪਰਧਾਨ ਪਰਮਜੀਤ ਬੜਿੰਗ ਨੇ ਐਸੋਸੀਏਸ਼ਨ ਵਲੋਂ ਪਿਛਲੇ ਸਮੇਂ ਵਿੱਚ ਕੀਤੀਆਂ ਕਾਰਵਾਈਆਂ ਬਾਰੇ ਜਾਣਕਾਰੀ ਦਿੱਤੀ। ਉਹਨਾਂ ਦੱਸਿਆਂ ਕਿ 65 ਸਾਲ ਪੂਰੇ ਹੋਣ ਤੇ ਜੋ ਸੀਨੀਅਰਜ ਜੋ ਪੈਨਸ਼ਨ ਤੋਂ ਵਾਂਝੇ ਹੁੰਦੇ ਹਨ ਉਹਨਾਂ ਦੇ ਗੁਜਾਰੇ ਭੱਤੇ ਵਾਸਤੇ ਐਸੋਸੀਏਸ਼ਨ ਜਦੋ ਜਹਿਦ ਕਰ ਰਹੀ ਹੈ। ਅੰਤ ਵਿੱਚ ਹਰਦੇਵ ਸਿੰਘ ਨਾਗਪਾਲ ਅਤੇ ਗੁਰ-ਚਰਨ ਸਿੰਘ ਰੈਹਲ ਦੀ ਮਾਤਾ ਦੇ ਸਦੀਵੀ ਵਿਛੋੜੇ ਸਬੰਧੀ ਸ਼ੋਕ ਮਤੇ ਪਾਸ ਕਰਕੇ ਉਹਨਾਂ ਨੂੰ ਸਰਧਾਂਜਲੀ ਭੇਂਟ ਕੀਤੀ ਗਈ।

ਇਸ ਪਰੋਗਰਾਮ ਨੂੰ ਸਫਲ ਬਣਾਉਣ ਲਈ ਜਿੱਥੇ ਸਮੂਹ ਮੈਂਬਰਾਂ ਨੇ ਵੱਡੀ ਗਿਣਤੀ ਵਿੱਚ ਹਾਜ਼ਰ ਹੋਕੇ ਸਹਿਯੋਗ ਦਿੱਤਾ ਉੱਥੇ ਮਹਿੰਦਰ ਕੌਰ ਪੱਡਾ, ਬਲਜੀਤ ਸੇਖੋਂ, ਪਰਕਾਸ਼ ਕੌਰ, ਉੱਪ ਪਰਧਾਨ ਅਮਰਜੀਤ ਸਿੰਘ, ਜੋਗਿੰਦਰ ਸਿੰਘ ਪੱਡਾ, ਸ਼ਿਵਦੇਵ ਰਾਏ, ਬਲਵੰਤ ਕਲੇਰ, ਹਿੰਮਤ ਸਿੰਘ ਲੱਛੜ ਨੇ ਪਰੋਗਰਾਮ ਦੇ ਪਰਬੰਧ ਲਈ ਵਿਸ਼ੇਸ਼ ਯੋਗਦਾਨ ਪਾਇਆ। ਅੰਤ ਤੇ ਸਟੇਜ ਸਕੱਤਰ ਮਾ: ਕੁਲਵੰਤ ਸਿੰਘ ਨੇ ਸਾਰੇ ਮੈਂਬਰਾਂ ਦਾ ਪਰੋਗਰਾਮ ਵਿੱਚ ਪਹੁੰਚਣ ਲਈ ਕਲੱਬ ਵਲੋਂ ਧੰਨਵਾਦ ਕੀਤਾ । ਕਲੱਬ ਸਬੰਧੀ ਕਿਸੇ ਵੀ ਪ੍ਰਕਾਰ ਦੀ ਜਾਣਕਾਰੀ ਲਈ ਪਰਧਾਨ ਗੁਰਨਾਮ ਸਿੰਘ ਗਿੱਲ 416-908-1300, ਜਨਰਲ ਸਕੱਤਰ ਕੁਲਵੰਤ ਸਿੰਘ 647-202-7696, ਉੱਪ-ਪਰਧਾਨ ਅਮਰਜੀਤ ਸਿੰਘ 416-268-6821,ਪਰਮਜੀਤ ਬੜਿੰਗ 647-963-0331, ਜੋਗਿੰਦਰ ਸਿੰਘ ਪੱਡਾ 416-219-2542 ਜਾਂ ਸ਼ਿਵਦੇਵ ਸਿੰਘ ਰਾਏ 647-643-6396 ਨਾਲ ਸੰਪਰਕ ਕੀਤਾ ਜਾ ਸਕਦਾ ਹੈ।

# ਅੰਤਰ-ਰਾਸ਼ਟਰੀ ਸੈਮੀਨਾਰ 'ਚ ਭਾਰਤ ਤੋਂ ਉੱਘੇ ਕਵੀ ਤੇ ਚਿੰਤਕ ਜਸਵੰਤ ਜ਼ਫ਼ਰ ਅਤੇ ਡਾ. ਦਲਜੀਤ ਸਿੰਘ ਵਾਲੀਆ ਕਰਨਗੇ ਸ਼ਿਰਕਤ

## ਸੈਮੀਨਾਰ 16 ਜੂਨ ਨੂੰ



ਬਰੈਂਪਟਨ, (ਡਾ. ਝੰਡ) -'ਗੁਰੂ ਨਾਨਕ ਦੇਵ ਜੀ ਦੀਆਂ ਸਿੱਖਿਆਵਾਂ ਦੀ ਅਜੋਕੇ ਯੁੱਗ ਵਿਚ ਪ੍ਰਸੰਗਕਤਾ' ਵਿਸ਼ੇ ਉੱਪਰ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਸਹਿਯੋਗ ਨਾਲ 'ਪੰਜਾਬੀ ਭਵਨ ਟੋਰਾਂਟੋ' ਵੱਲੋਂ 16 ਜੂਨ ਦਿਨ ਐਤਵਾਰ ਨੂੰ 90 ਬਿਸਕੇਨ ਕਰੈੱਸ (ਬਰੈਂਪਟਨ) ਸਥਿਤ 'ਮੈਰੀਅਟ ਹੋਟਲ' ਵਿਚ ਸਵੇਰੇ 10.30 ਵਜੇ ਤੋਂ ਸ਼ਾਮ 5.00 ਵਜੇ ਤੀਕ ਅੰਤਰ-ਰਾਸ਼ਟਰੀ ਸੈਮੀਨਾਰ ਦਾ ਆਯੋਜਨ ਕੀਤਾ ਜਾ ਰਿਹਾ ਹੈ ਜਿਸ ਵਿਚ ਭਾਰਤ ਤੋਂ ਪ੍ਰਮੁੱਖ ਪੰਜਾਬੀ ਲੇਖਕ ਤੇ ਚਿੰਤਕ ਜਸਵੰਤ ਜ਼ਫ਼ਰ ਅਤੇ ਡਾ. ਦਲਜੀਤ ਸਿੰਘ ਵਾਲੀਆ (ਪੰਜਾਬੀ ਯੂਨੀਵਰਸਿਟੀ ਪਟਿਆਲਾ) ਉਚੇਚੇ ਤੌਰ 'ਤੇ ਭਾਗ ਲੈਣ ਲਈ ਆ ਰਹੇ ਹਨ। ਸੈਮੀਨਾਰ ਦੇ ਮੁੱਖ-ਆਯੋਜਕ 'ਮਰੋਕ ਲਾਅ ਆਫ਼ਿਸ' ਦੇ ਸੰਚਾਲਕ ਵਿਪਨਦੀਪ ਮਰੋਕ ਨੇ ਇਸ ਸਬੰਧੀ ਜਾਣਕਾਰੀ ਸਾਂਝੀ ਕਰਦਿਆਂ ਦੱਸਿਆ ਕਿ ਇਸ ਸੈਮੀਨਾਰ ਵਿਚ ਗੁਰੂ ਨਾਨਕ ਦੇਵ ਜੀ ਦੀਆਂ ਸਿੱਖਿਆਵਾਂ ਜੋ ਕਿ 550 ਸਾਲ ਬਾਅਦ ਅੱਜ ਵੀ ਓਨੀਆਂ ਹੀ ਸਾਰਥਕ ਅਤੇ ਪ੍ਰਸੰਗਕ ਹਨ, ਬਾਰੇ ਵੱਖ-ਵੱਖ ਵਿਦਵਾਨਾਂ ਵੱਲੋਂ ਉਨ੍ਹਾਂ ਲਈ ਨਿਰਧਾਰਿਤ ਕੀਤੇ ਗਏ ਵਿਸ਼ਿਆਂ ਉੱਪਰ ਪੇਪਰ ਪੇਸ਼ ਕੀਤੇ ਜਾਣਗੇ ਉਪਰੰਤ, ਉਨ੍ਹਾਂ ਉੱਪਰ ਭਰਪੂਰ ਚਰਚਾ ਹੋਵੇਗੀ।

ਇਸ ਸੈਮੀਨਾਰ ਵਿਚ 'ਕੀ-ਨੋਟ ਐਡਰੈੱਸ' ਪੰਜਾਬੀ ਦੇ ਪ੍ਰਮੁੱਖ ਲੇਖਕ ਡਾ. ਵਰਿਆਮ ਸਿੰਘ ਸੰਧੂ ਵੱਲੋਂ ਹੋਵੇਗਾ ਅਤੇ ਉਸ ਤੋਂ ਬਾਅਦ ਡਾ. ਦਲਜੀਤ ਸਿੰਘ ਵਾਲੀਆ, ਡਾ. ਗੁਰਨਾਮ ਕੌਰ, ਡਾ. ਡੀ.ਪੀ. ਸਿੰਘ ਅਤੇ ਡਾ. ਕੰਵਲਜੀਤ ਕੌਰ ਢਿੱਲੋਂ ਆਪਣੇ ਵਿਦਵਤਾ ਭਰਪੂਰ ਪੇਪਰਾਂ ਪੇਸ਼ ਕੀਤੇ ਜਾਣਗੇ। ਇਸ ਦੌਰਾਨ ਪੱਛਮੀ ਪੰਜਾਬ (ਪਾਕਿਸਤਾਨ) ਤੋਂ ਮਸ਼ਹੂਰ ਪੰਜਾਬੀ ਲੇਖਕ ਮੁਖ਼ਤਾਰ ਅਹਿਮਦ ਚੀਮਾ ਇਸ ਸੈਮੀਨਾਰ ਵਿਚ ਮੁਸਲਿਮ ਭਰਾਵਾਂ ਦੀਆਂ ਪੀਰ ਬਾਬਾ ਨਾਨਕ ਬਾਰੇ ਭਾਵਨਾਵਾਂ ਸਾਂਝੀਆਂ ਕਰਨਗੇ। ਇਸ ਮੌਕੇ ਪੰਜਾਬੀ ਯੂਨੀਵਰਸਿਟੀ ਪਟਿਆਲਾ ਵੱਲੋਂ ਬੀਤੇ ਮਹੀਨੇ ਪ੍ਰਕਾਸ਼ਿਤ ਕੀਤੀ ਗਈ ਪੁਸਤਕ "ਗੁਰੂ ਨਾਨਕ ਦੇਵ (1469-1539 ਈ.)" ਜਿਸ ਦੇ ਸੰਪਾਦਕ ਡਾ. ਦਲਜੀਤ ਸਿੰਘ ਵਾਲੀਆ, ਇੰਚਾਰਜ ਸ੍ਰੀ ਗੁਰੂ ਤੇਗ਼ ਬਹਾਦਰ ਰਾਸ਼ਟਰੀ-ਏਕਤਾ ਚੇਅਰ ਹਨ, ਵੀ ਲੋਕ-ਅਰਪਿਤ ਕੀਤੀ ਜਾਏਗੀ।

ਬਾਅਦ ਦੁਪਹਿਰ ਢਾਈ ਵਜੇ ਲੰਚ-ਬਰੇਕ ਤੋਂ ਬਾਅਦ ਚਾਰ ਵਜੇ ਸ਼ੁਰੂ ਹੋਣ ਵਾਲੇ ਕਵੀ-ਦਰਬਾਰ ਜਿਸ ਦਾ ਮੁੱਖ-ਆਕਰਸ਼ਣ ਭਾਰਤ ਤੋਂ ਆਏ ਉੱਘੇ ਕਵੀ ਜਸਵੰਤ ਜ਼ਫ਼ਰ ਹੋਣਗੇ, ਵਿਚ ਕਵੀਆਂ/ਕਵਿੱਤਰੀਆਂ ਵੱਲੋਂ ਗੁਰੂ ਨਾਨਕ ਦੇਵ ਜੀ ਦੇ ਜੀਵਨ, ਰਚਨਾ ਅਤੇ ਉਨ੍ਹਾਂ ਦੀਆਂ ਸਿੱਖਿਆਵਾਂ ਬਾਰੇ ਆਪਣੀਆਂ ਕਵਿਤਾਵਾਂ ਪੇਸ਼ ਕੀਤੀਆਂ ਜਾਣਗੀਆਂ। ਪੰਜਾਬੀ ਬੋਲੀ, ਗੁਰਬਾਣੀ, ਸਾਹਿਤ ਤੇ ਸੱਭਿਆਚਾਰ ਨੂੰ ਪਿਆਰ ਕਰਨ ਵਾਲਿਆਂ ਨੂੰ ਸੈਮੀਨਾਰ ਵਿਚ ਸ਼ਾਮਲ ਹੋਣ ਲਈ ਸੱਦਾ ਦਿੱਤਾ ਜਾਂਦਾ ਹੈ। ਸੈਮੀਨਾਰ ਹਾਲ ਵਿਚ ਸੀਟਾਂ ਦੀ ਗਿਣਤੀ ਸੀਮਤ ਹੋਣ ਕਾਰਨ ਇਸ ਸੈਮੀਨਾਰ ਵਿਚ ਸ਼ਾਮਲ ਹੋਣ ਵਾਲਿਆਂ ਦੀ ਗਿਣਤੀ ਨੂੰ ਸੀਮਤ ਰੱਖਣ ਲਈ ਪ੍ਰਬੰਧਕਾਂ ਵੱਲੋਂ ਕੇਵਲ 15 ਡਾਲਰ ਦੀ ਐਂਟਰੀ-ਟਿਕਟ ਰੱਖੀ ਗਈ ਹੈ ਜਿਸ ਵਿਚ ਚਾਹ, ਸਨੈਕਸ, ਲੰਚ ਅਤੇ ਸ਼ਾਮ ਦੀ ਚਾਹ ਸ਼ਾਮਲ ਹੈ।

ਇਸ ਸੈਮੀਨਾਰ ਸਬੰਧੀ ਵਧੇਰੇ ਜਾਣਕਾਰੀ ਲਈ ਵਿਪਨਦੀਪ ਮਰੋਕ (416-648-5125), ਡਾ. ਸੁਖਦੇਵ ਸਿੰਘ ਝੰਡ (647-567-9128), ਪ੍ਰੋ. ਜਗੀਰ ਸਿੰਘ ਕਾਹਲੋਂ (647-533-8297) ਅਤੇ ਸੁਰਜੀਤ ਕੌਰ (416-605-3784) ਨੂੰ ਸੰਪਰਕ ਕੀਤਾ ਜਾ ਸਕਦਾ ਹੈ।

ਹਵਾਈ ਸਫਰ ਨੂੰ ਸੁਹਾਵਨਾ ਤੇ ਸੁਰੱਖਿਅਤ ਬਣਾਓ ਤੇ ਸਾਡੀ
TRAVEL INSURANCE ਦੀ ਮੁਹਾਰਤ ਦਾ ਫਾਇਦਾ ਉਠਾਓ




Join and Represent Us

- VISITOR TO CANADA INSURANCE
- TRAVEL OUT INSURANCE
- INTERNATIONAL STUDENT INSURANCE
- OTHER INSURANCE PRODUCTS

905-707-1512
905-707-1513
Molly@jfgroup.ca
Toronto Head Office:
15 wertheim court # 501
Richmond Hill, ON L4B 3H7

# ਖੇਡਾਂ ਦੇ ਖ਼ੇਤਰ ਵਿਚ ਪਾਏ ਯੋਗਦਾਨ ਲਈ 'ਪੰਜਾਬ ਸਪੋਰਟਸ' ਦੇ ਬਲਬੀਰ ਸੰਧੂ ਦਾ ਪੈਟਰਿਕ ਬਰਾਊਨ ਵੱਲੋਂ ਸਨਮਾਨ



ਬਰੈਂਪਟਨ, -ਬੀਤੇ ਐਤਵਾਰ 'ਸ਼ਿੰਗਾਰ ਬੈਂਕੁਇਟ ਹਾਲ' ਵਿਚ ਹੋਏ ਇਕ ਪ੍ਰੋਗਰਾਮ ਵਿਚ 'ਪੰਜਾਬ ਸਪੋਰਟਸ' ਦੇ ਬਲਬੀਰ ਸਿੰਘ ਸੰਧੂ ਨੂੰ ਖੇਡਾਂ ਦੇ ਖ਼ੇਤਰ ਵਿਚ ਪਾਏ ਗਏ ਯੋਗਦਾਨ ਲਈ ਬਰੈਂਪਟਨ ਦੇ ਮੇਅਰ ਪੈਟਰਿਕ ਬਰਾਊਨ ਵੱਲੋਂ ਸਨਮਾਨਿਤ ਕੀਤਾ ਗਿਆ। ਇਹ ਸਨਮਾਨ ਸਮਾਰੋਹ 'ਯੂਨਾਈਟਿਡ ਸਪੋਰਟਸ ਕਲੱਬ', 'ਗੁਰੂ ਨਾਨਕ ਕਮਿਊਨਿਟੀ ਸਰਵਿਸਿਜ਼ ਫ਼ਾਊਂਡੇਸ਼ਨ' ਅਤੇ 'ਪਟਿਆਲਾ ਫ਼ਤਿਹਗੜ੍ਹ ਸਾਹਿਬ ਸਪੋਰਟਸ ਐਂਡ ਕਲਚਰਲ ਕਲੱਬ ਵੱਲੋਂ ਮਿਲ ਕੇ ਆਯੋਜਿਤ ਕੀਤਾ ਗਿਆ।

ਇਸ ਮੌਕੇ ਬੋਲਦਿਆਂ ਮੇਅਰ ਪੈਟਰਿਕ ਬਰਾਊਨ ਨੇ ਕਿਹਾ,"ਖੇਡਾਂ ਸਾਡੇ ਜੀਵਨ ਲਈ ਬੜੀਆਂ ਮਹੱਤਵਪੂਰਨ ਹਨ ਅਤੇ ਇਹ ਸਾਡੀ ਤੰਦਰੁਸਤੀ ਲਈ ਅਹਿਮ ਭੂਮਿਕਾ ਨਿਭਾਉਂਦੀਆਂ ਹਨ। ਮੈਨੂੰ ਖ਼ੁਸ਼ੀ ਹੈ ਕਿ ਪੰਜਾਬੀ ਖੇਡਾਂ ਪ੍ਰਤੀ ਕਾਫ਼ੀ ਜਾਗਰੂਕ ਹਨ ਅਤੇ ਉਹ ਇਨ੍ਹਾਂ ਦੇ ਮਹੱਤਵ ਨੂੰ ਖ਼ੂਬ ਸਮਝਦੇ ਹਨ।" ਆਪਣੇ ਸੰਬੋਧਨ ਵਿਚ ਉਨ੍ਹਾਂ 'ਪੰਜਾਬ ਸਪੋਰਟਸ' ਦੇ ਬਲਬੀਰ ਸੰਧੂ ਵੱਲੋਂ ਖੇਡਾਂ ਲਈ ਪਾਏ ਗਏ ਯੋਗਦਾਨ ਦੀ ਭਰਪੂਰ ਸ਼ਲਾਘਾ ਕੀਤੀ ਅਤੇ ਉਨ੍ਹਾਂ ਨੂੰ ਬਰੈਨਪਟਨ ਸਿਟੀ ਵੱਲੋਂ ਸਰਟੀਫ਼ੀਕੇਟ ਦੇ ਕੇ ਸਨਮਾਨਿਤ ਕੀਤਾ।

ਇਸ ਮੌਕੇ 'ਯੂਨਾਈਟਿਡ ਸਪੋਰਟਸ ਕਲੱਬ' ਦੇ ਗੁਰਸ਼ਰਨ ਚੌਹਾਨ, ਗੁਰਮੀਤ ਸਿੰਘ ਰੇਹਾਲ, ਕਮਲਜੀਤ ਰੇਹਾਲ ਤੇ ਚੈਰੀ ਰੇਹਾਲ, 'ਗੁਰੂ ਨਾਨਕ ਕਮਿਊਨਿਟੀ ਸਰਵਿਸਿਜ਼ ਫ਼ਾਊਂਡੇਸ਼ਨ' ਦੇ ਦਰਸ਼ਨ ਸਿੰਘ ਬਿਲਖੂ, ਮੇਜਰ ਸਿੰਘ ਨਾਗਰਾ, ਕਰਨ ਅਜਾਇਬ ਸਿੰਘ ਸੰਘਾ, ਮਨਬੀਰ ਸਿੰਘ ਸੰਧੂ, ਨਵਿੰਦਰ ਭੱਟੀ, ਅਤੇ 'ਪਟਿਆਲਾ ਫ਼ਤਿਹਗੜ੍ਹ ਸਾਹਿਬ ਸਪੋਰਟਸ ਐਂਡ ਕਲਚਰਲ ਕਲੱਬ' ਦੇ ਇੰਦਰਜੀਤ ਸਿੰਘ ਭਿੰਡਰ ਤੇ ਪਰਮਜੀਤ ਸਿੰਘ ਗਿੱਲ ਹਾਜ਼ਰ ਸਨ। ਕੈਨੇਡੀਅਨ ਪੰਜਾਬੀ ਸਾਹਿਤ ਸਭਾ ਦੇ ਕੁਝ ਮੈਂਬਰਾਂ ਨੇ ਵੀ ਇਸ ਮੌਕੇ ਆਪਣੀ ਹਾਜ਼ਰੀ ਲੁਆਈ। ਸਮਾਰੋਹ ਦੀ ਸਮਾਪਤੀ 'ਤੇ ਸਾਰਿਆਂ ਨੇ ਮਿਲ ਕੇ ਭੋਜਨ ਦਾ ਅਨੰਦ ਮਾਣਿਆਂ।

# ਹੈਮਿਲਟਨ 'ਚ ਹੋਈ 10 ਕਿਲੋਮੀਟਰ ਦੌੜ 'ਚ ਸੰਜੂ ਗੁਪਤਾ ਨੇ ਆਪਣਾ ਪਿਛਲੇ 20 ਸਾਲ ਦਾ ਰਿਕਾਰਡ ਤੋੜਿਆ

## 2 ਜੂਨ ਨੂੰ 'ਬੈਰੀ ਵਾਟਰਫ਼ਰੰਟ ਹਾਫ਼ ਮੈਰਾਥਨ' 2 ਘੰਟੇ 20 ਮਿੰਟ ਵਿਚ ਪੂਰੀ ਕੀਤੀ



ਹੈਮਿਲਟਨ, (ਡਾ.ਝੰਡ) -ਬੀਤੇ ਸ਼ਨੀਵਾਰ ਹੈਮਿਲਟਨ ਵਿਖੇ ਪਹਿਲੀ ਜੂਨ ਨੂੰ 'ਸ਼ੌਪਰਜ਼ ਡਰੱਗਮਾਰਟ' ਵੱਲੋਂ ਕਰਵਾਈ ਗਈ 10 ਕਿਲੋਮੀਟਰ ਅਤੇ 5 ਕਿਲੋਮੀਟਰ 'ਰੱਨ ਫ਼ਾਰ ਵਿਮੈੱਨ' ਦੌੜ ਵਿਚ ਲੱਗਭੱਗ 800 ਮਰਦ ਤੇ ਔਰਤ ਦੌੜਾਕਾਂ ਨੇ ਬੜੇ ਉਤਸ਼ਾਹ ਨਾਲ ਭਾਗ ਲਿਆ। ਔਰਤਾਂ ਲਈ ਹੋਈ ਇਸ ਦੌੜ ਵਿਚ ਬੇਸ਼ਕ ਬਹੁ-ਗਿਣਤੀ ਔਰਤ ਦੌੜਾਕਾਂ ਦੀ ਸੀ ਪਰ ਫਿਰ ਵੀ ਬਹੁਤ ਸਾਰੇ ਮਰਦ ਦੌੜਾਕਾਂ ਨੇ ਵੀ ਇਸ ਵਿਚ ਉਨ੍ਹਾਂ ਦਾ ਪੂਰਾ ਸਾਥ ਦਿੱਤਾ। ਪ੍ਰਾਪਤ ਜਾਣਕਾਰੀ ਅਨੁਸਾਰ ਇਸ ਵਿਚ 106 ਦੌੜਾਕਾਂ ਨੇ 10 ਕਿਲੋਮੀਟਰ ਦੌੜ ਵਿਚ ਹਿੱਸਾ ਲਿਆ, ਜਦ ਕਿ ਇਨ੍ਹਾਂ ਤੋਂ ਇਲਾਵਾ ਇਸ ਵਿਚ ਹੋਰ 600 ਤੋਂ ਵਧੀਕ ਦੌੜਾਕ 5 ਕਿਲੋਮੀਟਰ ਦੌੜ ਵਿਚ ਭਾਗ ਲੈਣ ਵਾਲੇ ਸਨ। ਇਨ੍ਹਾਂ ਦੋਹਾਂ ਦੌੜਾਂ ਵਿਚ ਹੀ ਵਿਚ ਵਧੇਰੇ ਗਿਣਤੀ ਔਰਤਾਂ ਦੀ ਸੀ।

ਟੀ.ਪੀ.ਏ.ਆਰ. ਕਲੱਬ ਦੇ ਸਰਗ਼ਰਮ ਮੈਂਬਰ ਸੰਜੂ ਗੁਪਤਾ ਜੋ ਕਿ ਹੁਣ ਤੀਕ 15 ਫ਼ੁੱਲ ਮੈਰਾਥਨ ਦੌੜਾਂ, 126 ਹਾਫ਼-ਮੈਰਾਥਨਾਂ ਅਤੇ 100 ਤੋਂ ਵਧੀਕ 10 ਕਿਲੋਮੀਟਰ ਵਾਲੀਆਂ ਦੌੜਾਂ ਵਿਚ ਹਿੱਸਾ ਲੈ ਚੁੱਕਾ ਹੈ, ਹੈਮਿਲਟਨ ਵਿਚ ਹੋਈ 10 ਕਿਲੋਮੀਟਰ 'ਰੱਨ ਫ਼ਾਰ ਵਿਮੈੱਨ' ਵਿਚ 106 ਦੌੜਾਕਾਂ ਵਿੱਚੋਂ ਓਵਰਆਲ 46'ਵੇਂ ਨੰਬਰ ਤੇ ਰਿਹਾ ਅਤੇ ਉਸ ਨੇ ਇਸ ਵਿਚ ਇਕ ਘੰਟਾ ਇਕ ਮਿੰਟ 55 ਸਕਿੰਟ ਵਿਚ ਸਮਾਂ ਲੈ ਕੇ ਆਪਣਾ ਪਿਛਲੇ 20 ਸਾਲਾਂ ਦਾ ਰਿਕਾਰਡ ਤੋੜਿਆ ਹੈ। ਇਸ ਦੌੜ ਵਿਚ ਭਾਗ ਲੈਣ ਵਾਲੇ 12 ਮਰਦ ਦੌੜਾਕਾਂ ਵਿੱਚੋਂ ਉਹ ਸੱਤਵੇਂ ਨੰਬਰ 'ਤੇ ਆਇਆ ਹੈ। ਇਸ ਤੋਂ ਅਗਲੇ ਹੀ ਦਿਨ 2 ਜੂਨ ਨੂੰ 'ਬੈਰੀ ਵਾਟਰਫ਼ਰੰਟ ਹਾਫ਼-ਮੈਰਾਥਨ'ਉਸ ਨੇ ਬੈਰੀ ਸ਼ਹਿਰ ਵਿਚ ਹੋਈ ਹਾਫ਼-ਮੈਰਾਥਨ ਵਿਚ ਭਾਗ ਲਿਆ ਅਤੇ ਇਸ ਨੂੰ 2 ਘੰਟੇ 20 ਮਿੰਟ ਵਿਚ ਸਮਾਪਤ ਕਰਕੇ ਸਾਲ 2019 ਵਿਚ ਹੁਣ ਤੀਕ ਭਾਗ ਲੈਣ ਵਾਲੀਆਂ ਹਾਫ਼-ਮੈਰਾਥਨਾਂ ਵਿਚ ਸੱਭ ਤੋਂ ਵਧੀਆ ਸਮਾਂ ਕੱਢਿਆ ਹੈ। ਇਹ ਵੀ ਉਸ ਦਾ ਆਪਣਾ ਹੀ ਰਿਕਾਰਡ ਤੋੜਨ ਵਾਲੀ ਗੱਲ ਹੈ।

ਇੱਥੇ ਇਹ ਜ਼ਿਕਰਯੋਗ ਹੈ ਕਿ ਅਜੇ ਪਿਛਲੇ ਹਫ਼ਤੇ ਹੀ ਉਸ ਨੇ ਔਟਵਾ ਵਿਚ ਹੋਈਆਂ ਦੋ-ਦਿਨਾਂ 25 ਤੇ 26 ਮਈ ਨੂੰ ਤਿੰਨ ਦੌੜਾਂ 5 ਕਿਲੋਮੀਟਰ, 10 ਕਿਲੋਮੀਟਰ ਅਤੇ ਹਾਫ਼ ਮੈਰਾਥਨ ਵਿਚ ਭਾਗ ਲਿਆ ਸੀ ਅਤੇ ਉੱਥੇ ਉਸ ਨੇ 10 ਕਿਲੋਮੀਟਰ ਦੌੜ ਇਕ ਘੰਟਾ 8 ਮਿੰਟ ਵਿਚ ਪੂਰੀ ਕੀਤੀ ਸੀ। ਇਸ ਤਰ੍ਹਾਂ ਉਸ ਨੇ ਇਸ ਹਫ਼ਤੇ ਹੈਮਿਲਟਨ ਵਿਚ ਉਸ ਨੇ ਇਸ ਦੌੜ ਵਿਚ ਆਪਣੇ ਰਿਕਾਰਡ ਵਿਚ ਲੱਗਭੱਗ 6 ਮਿੰਟਾਂ ਦਾ ਸੁਧਾਰ ਕੀਤਾ ਹੈ ਅਤੇ 'ਬੈਰੀ ਹਾਫ਼ ਮੈਰਾਥਨ' ਵਿਚ ਵੀ ਆਪਣਾ ਰਿਕਾਰਡ ਸੁਧਾਰਿਆ ਹੈ। ਟੀ.ਪੀ.ਏ.ਆਰ. ਦੇ ਸਮੂਹ ਮੈਂਬਰ ਸੰਜੂ ਗੁਪਤਾ ਦੀ ਇਸ ਨਵੀਂ ਪ੍ਰਾਪਤੀ 'ਤੇ ਫ਼ਖ਼ਰ ਮਹਿਸੂਸ ਕਰਦੇ ਹਨ ਅਤੇ ਉਸ ਨੂੰ ਹਾਰਦਿਕ ਮੁਬਾਰਕਬਾਦ ਪੇਸ਼ ਕਰਦੇ ਹਨ।

## ਗੁਰਮਤਿ ਕੈਂਪ 1 ਜੁਲਾਈ ਤੋਂ 12 ਜੁਲਾਈ ਤੱਕ

ਬਰੈਂਪਟਨ, (ਡਾ. ਝੰਡ) - ਗੁਰਦੁਆਰਾ ਸਾਹਿਬ ਸਿੱਖ ਸਪਿਰਿਚੂਅਲ ਸੈਂਟਰ ਦੇ ਪ੍ਰਬੰਧਕਾਂ ਤੋਂ ਪ੍ਰਾਪਤ ਸੂਚਨਾ ਅਨੁਸਾਰ ਇਸ ਗੁਰੂਘਰ ਵਿਚ ਚਲਾਈ ਜਾ ਰਹੀ ਗੁਰੂ ਨਾਨਕ ਅਕੈਡਮੀ ਵਿਖੇ ਗੁਰਮਤਿ ਕੈਂਪ 1 ਜੁਲਾਈ ਤੋਂ 12 ਜੁਲਾਈ ਤੀਕ ਲਗਾਇਆ ਜਾ ਰਿਹਾ ਹੈ। ਇਸ ਗੁਰਮਤਿ ਕੈਂਪ ਵਿਚ 4 ਸਾਲ ਤੋਂ 14 ਸਾਲ ਦੀ ਉਮਰ ਦੇ ਬੱਚੇ ਭਾਗ ਲੈ ਸਕਦੇ ਹਨ। ਗੁਰਮਤਿ ਕੈਂਪ ਵਿਚ ਮਲਟੀਮੀਡੀਆ ਰਾਹੀਂ ਬੱਚਿਆਂ ਨੂੰ ਪੰਜਾਬੀ, ਗੁਰਮਤਿ, ਗੁਰਬਾਣੀ ਦੇ ਪਾਠ, ਸਿੱਖ ਇਤਿਹਾਸ, ਦਸਤਾਰ ਸਜਾਉਣ, ਕਵਿਤਾ ਅਤੇ ਕੀਰਤਨ ਆਦਿ ਦੀ ਸਿੱਖਿਆ ਦਿੱਤੀ ਜਾਏਗੀ। ਇਸ ਦੇ ਨਾਲ਼ ਨਾਲ਼ ਕੈਂਪ ਵਿਚ ਭਾਗ ਲੈਣ ਵਾਲੇ ਬੱਚਿਆਂ ਲਈ ਖੇਡਾਂ ਅਤੇ ਗੱਤਕਾ ਸਿਖਾਉਣ ਦਾ ਵੀ ਪ੍ਰਬੰਧ ਕੀਤਾ ਗਿਆ ਹੈ। ਇਸ ਕੈਂਪ ਵਿਚ ਬੱਚਿਆਂ ਨੂੰ ਸਿਖਲਾਈ ਦੇਣ ਲਈ ਤਜਰਬੇਕਾਰ ਬੁਲਾਰਿਆਂ ਨੂੰ ਆਉਣ ਦਾ ਸੱਦਾ ਦਿੱਤਾ ਗਿਆ ਹੈ ਜੋ ਆਪਣੇ ਸੰਬੋਧਨਾਂ ਤੇ ਹੋਰ ਦਿਲਚਸਪ ਸਾਧਨਾਂ ਰਾਹੀਂ ਬੱਚਿਆਂ ਨੂੰ ਵੱਖ-ਵੱਖ ਢੰਗਾਂ- ਤਰੀਕਿਆਂ ਰਾਹੀਂ ਗੁਰਮਤਿ ਸਬੰਧੀ ਜਾਣਕਾਰੀ ਦੇਣਗੇ। ਕੈਂਪ ਦੀ ਸਮਾਪਤੀ ਸਮਾਰੋਹ ਵਿਚਇਸ ਕੈਂਪ ਵਿਚ ਭਾਗ ਲੈਣ ਵਾਲੇ ਸਾਰੇ ਬੱਚਿਆਂ ਨੂੰ ਦਿਲਕਸ਼ ਇਨਾਮਾਂ ਰਾਹੀਂ ਸਨਮਾਨਿਤ ਕੀਤਾ ਜਾਏਗਾ।

ਇਸ ਸਬੰਧੀ ਵਧੇਰੇ ਜਾਣਕਾਰੀ ਲਈ ਅਕੈਡਮੀ ਦੀ ਪ੍ਰਿੰਸੀਪਲ ਕੰਵਲਪ੍ਰੀਤ ਕੌਰ ਜੰਮੂ ਨੂੰ 416-617-7110 ਜਾਂ ਗੁਰਦੁਆਰਾ ਸਾਹਿਬ ਦੇ ਫ਼ੋਨ ਨੰਬਰ 416-746-6666 'ਤੇ ਸੰਪਰਕ ਕੀਤਾ ਜਾ ਸਕਦਾ ਹੈ।

## 'ਸਿੱਖ ਯੂਥ ਭਾਸ਼ਣ ਮੁਕਾਬਲੇ' 23 ਨੂੰ

ਰੈਕਸਡੇਲ, (ਡਾ.ਝੰਡ) -ਗੁਰਦੁਆਰਾ ਸਾਹਿਬ ਸਿੱਖ ਸਪਿਰਿਚੂਅਲ ਸੈਂਟਰ ਰੈਕਸਡੇਲ ਵਿਖੇ ਸਥਿਤ ਗੁਰੂ ਨਾਨਕ ਅਕੈਡਮੀ ਵਿਚ 23 ਜੂਨ ਦਿਨ ਐਤਵਾਰ ਨੂੰ 'ਸਿੱਖ ਯੂਥ ਸਪੀਚ ਕੰਪੀਟੀਸ਼ਨ-2019' ਦਾ ਆਯੋਜਨ ਕੀਤਾ ਜਾ ਰਿਹਾ ਹੈ ਜਿਸ ਵਿਚ ਬੁਲਾਰਿਆਂ ਦੇ ਚਾਰ ਵੱਖ-ਵੱਖ ਉਮਰ ਵਰਗਾਂ ਦੇ ਬੋਲਣ ਲਈ ਵੱਖੋ-ਵੱਖਰੇ ਵਿਸ਼ੇ ਨਿਸਚਿਤ ਕੀਤੇ ਗਏ ਹਨ। 4-6 ਸਾਲ ਦੇ ਛੋਟੇ ਬੱਚਿਆਂ ਦੇ ਪਹਿਲੇ ਗਰੁੱਪ ਲਈ ਵਿਸ਼ਾ "ਗੁਰੂ ਨਾਨਕ ਦੇਵ ਜੀ ਦਾ ਉਦੇਸ਼ ਅਤੇ ਸਿੱਖੀ ਦੇ ਤਿੰਨ ਮੁੱਖ ਸਿਧਾਂਤ" ਰੱਖਿਆ ਗਿਆ ਹੈ, ਜਦ ਕਿ ਇਸ ਤੋਂ ਅਗਲੇ 7-9 ਸਾਲ ਦੇ ਬੱਚਿਆਂ ਲਈ ਵਿਸ਼ਾ "ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ, ਭਾਵ ਗੁਰੂ ਨਾਨਕ ਦੇਵ ਜੀ ਦਾ ਬਰਾਬਰਤਾ ਦਾ ਉਦੇਸ਼" ਹੈ। ਏਸੇ ਤਰ੍ਹਾਂ ' ਅਗਲੇ ਤੀਸਰੇ ਵਰਗ 10-12 ਸਾਲ ਦੇ ਬੱਚਿਆਂ ਲਈ ਵਿਸ਼ਾ "ਗੁਰੂ ਨਾਨਕ ਦੇਵ ਜੀ ਦੀਆਂ ਉਦਾਸੀਆਂ ਤੇ ਵਿਸ਼ਵ ਦਾ ਸੁਧਾਰ" ਨਿਸ਼ਚਿਤ ਕੀਤਾ ਗਿਆ ਹੈ ਅਤੇ 13 ਸਾਲ ਤੋਂ ਉੱਪਰ ਵਾਲੇ ਚੌਥੇ ਆਖ਼ਰੀ ਵਰਗ ਲਈ ਵਿਸ਼ਾ "ਗੁਰੂ ਨਾਨਕ ਦੇਵ ਜੀ ਦੀਆਂ ਸਿੱਖਿਆਵਾਂ ਅਤੇ ਉਨ੍ਹਾਂ ਦੀ ਅਜੋਕੇ ਸਮੇਂ ਵਿਚ ਮਹੱਤਤਾ" ਹੈ। ਵੱਖ-ਵੱਖ ਵਰਗਾਂ ਵਿਚ ਹਰੇਕ ਬੁਲਾਰੇ ਨੂੰ ਬੋਲਣ ਲਈ 4 ਮਿੰਟ ਤੋਂ 7 ਮਿੰਟ ਦਾ ਸਮਾਂ ਦਿੱਤਾ ਜਾਏਗਾ। 9 ਸਾਲ ਤੱਕ ਦੇ ਛੋਟੇ ਬੱਚਿਆਂ ਲਈ ਇਹ ਸਮਾਂ 4-5 ਮਿੰਟ ਹੈ ਅਤੇ 10 ਸਾਲ ਜਾਂ ਇਸ ਤੋਂ ਉੱਪਰ ਵਾਲੇ ਵੱਡੇ ਬੱਚਿਆਂ ਲਈ ਇਹ ਸਮਾਂ 5-7 ਮਿੰਟ ਹੈ। ਇਸ ਭਾਸ਼ਨ ਮੁਕਾਬਲੇ ਸਬੰਧੀ ਵਿਸਤ੍ਰਿਤ ਜਾਣਕਾਰੀ ਪ੍ਰਿੰਸੀਪਲ ਕੰਵਲਪ੍ਰੀਤ ਨੂੰ ਉਨ੍ਹਾਂ ਦੇ ਫ਼ੋਨ 416-617-7110 'ਤੇ ਕਾਲ ਕਰਕੇ ਪ੍ਰਾਪਤ ਕੀਤੀ ਜਾ ਸਕਦੀ ਹੈ।

## ਸਲਾਨਾ ਸਿੱਖ ਸ਼ਹੀਦੀ ਸਮਾਰੋਹ ਤੇ ਨਗਰ ਕੀਰਤਨ 9 ਨੂੰ

ਬਰੈਂਪਟਨ, (ਡਾ. ਝੰਡ) -ਪ੍ਰਾਪਤ ਸੂਚਨਾ ਅਨੁਸਾਰ ਗੁਰਦੁਆਰਾ ਸਾਹਿਬ ਗੁਰੂ ਨਾਨਕ ਮਿਸ਼ਨ ਸੈਂਟਰ ਵੱਲੋਂ ਪੰਜਵੇਂ ਪਾਤਸ਼ਾਹ ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਅਤੇ 1984 ਦੇ ਸਮੂਹ-ਸ਼ਹੀਦਾਂ ਦੀ ਯਾਦ ਵਿਚ 'ਸਲਾਨਾ ਸਿੱਖ ਸ਼ਹੀਦੀ ਸਮਾਰੋਹ' ਮਿਤੀ 9 ਜੂਨ ਦਿਨ ਐਤਵਾਰ ਨੂੰ ਬੜੀ ਸ਼ਰਧਾ ਤੇ ਉਤਸ਼ਾਹ ਨਾਲ ਮਨਾਇਆ ਜਾ ਰਿਹਾ ਹੈ। ਇਸ ਦੌਰਾਨ ਸਵੇਰੇ 10.00 ਵਜੇ ਗੁਰੂ ਗ੍ਰੰਥ ਸਾਹਿਬ ਜੀ ਦੇ ਅਖੰਡ ਪਾਠ ਦੇ ਭੋਗ ਪਾਏ ਜਾਣਗੇ ਅਤੇ ਉਸ ਤੋਂ ਬਾਅਦ ਰਾਗੀ ਤੇ ਢਾਡੀ ਜੱਥਿਆਂ ਵੱਲੋਂ ਗੁਰਬਾਣੀ ਕੀਰਤਨ ਅਤੇ ਸਿੱਖ ਇਤਿਹਾਸ ਦੇ ਸੂਰਬੀਰ ਯੋਧਿਆਂ ਦੀਆਂ ਵਾਰਾਂ ਦਾ ਗਾਇਨ ਕੀਤਾ ਜਾਏਗਾ। ਉਪਰੰਤ, ਠੀਕ 12.30 ਵਜੇ ਗੁਰਦੁਆਰਾ ਸਾਹਿਬ ਗੁਰੂ ਨਾਨਕ ਮਿਸ਼ਨ ਸੈਂਟਰ (ਪੀਟਰ ਰੌਬਰਟਸਨ ਤੇ ਡਿਕਸੀ) ਤੋਂ ਨਗਰ-ਕੀਰਤਨ ਸਜਾਇਆ ਜਾਏਗਾ ਜੋ ਡਿਕਸੀ ਰੋਡ, ਸੈਂਡਲਵੁੱਡ ਪਾਰਕਵੇਅ, ਵਿਲੀਅਮ ਪਾਰਕਵੇਅ ਅਤੇ ਸਨਪੈਕ ਬੁਲੇਵਾਰਡ ਤੋਂ ਹੁੰਦਾ ਹੋਇਆ ਸ਼ਾਮ ਦੇ ਪੰਜ ਵਜੇ ਗੁਰਦੁਆਰਾ ਸਾਹਿਬ ਜੋਤ ਪ੍ਰਕਾਸ਼ ਵਿਖੇ ਸਮਾਪਤ ਹੋਵੇਗਾ। ਸਮੂਹ ਸਾਧ-ਸੰਗਤ ਨੂੰ ਗੁਰਦੁਆਰਾ ਗੁਰੂ ਨਾਨਕ ਮਿਸ਼ਨ ਸੈਂਟਰ ਵਿਖੇ ਹੋਣ ਵਾਲੇ ਸ਼ਹੀਦੀ ਸਮਾਰੋਹ ਅਤੇ ਨਗਰ-ਕੀਰਤਨ ਵਿਚ ਸ਼ਾਮਲ ਹੋਣ ਲਈ ਬੇਨਤੀ ਕੀਤੀ ਜਾਂਦੀ ਹੈ। ਇਸ ਸਬੰਧੀ ਵਧੇਰੇ ਜਾਣਕਾਰੀ ਉਪਰੋਕਤ ਵਰਨਣ ਦੋਹਾਂ ਗੁਰਦੁਆਰਾ ਸਾਹਿਬਾਨ ਵਿਖੇ ਫ਼ੋਨ ਨੰਬਰਾਂ 905-799-2682 ਅਤੇ 905-790-1415 'ਤੇ ਫ਼ੋਨ ਕਰਕੇ ਪ੍ਰਾਪਤ ਕੀਤੀ ਜਾ ਸਕਦੀ ਹੈ।

## ਤਾਸ਼ ਮੁਕਾਬਲੇ 23 ਜੂਨ ਨੂੰ

(ਹਰਜੀਤ ਬੇਦੀ): ਡੈਮੋਕਰੈਟਿਕ ਸਾਊਥ ਏਸ਼ੀਅਨ ਸੀਨੀਅਰਜ਼ ਐਸੋਸੀਏਸ਼ਨ ਦੇ ਪਰਧਾਨ ਦੇਵ ਸੂਦ ਵਲੋਂ ਦਿੱਤੀ ਜਾਣਕਾਰੀ ਮੁਤਾਬਕ ਪਿਛਲੇ ਸਾਲਾਂ ਦੀ ਤਰ੍ਹਾਂ ਇਸ ਵਾਰ ਵੀ ਸਵੀਪ ਤਾਸ਼ ਦੇ ਮੁਕਾਬਲੇ ਕਰਵਾਏ ਜਾ ਰਹੇ ਹਨ। ਇਹ ਮੁਕਾਬਲੇ 23 ਜੂਨ ਦਿਨ ਐਤਵਾਰ ਨੂੰ 2, ਰੌਂਟਰੀ ਰੋਡ ਕਿਪਲਿੰਗ ਤੇ ਸਥਿਤ ਨੌਰਥ ਕਿਪਲਿੰਗ ਕਮਿਊਨਿਟੀ ਸੈਂਟਰ ਵਿੱਚ ਹੋਣਗੇ। ਇਹਨਾਂ ਮੁਕਾਬਲਿਆਂ ਵਿੱਚ ਹਿੱਸਾ ਲੈਣ ਲਈ ਐਂਟਰੀਆਂ 1:00 ਤੋਂ 1:30 ਵਜੇ ਤੱਕ ਹੋਣਗੀਆਂ ਤੇ ਮੌਕੇ ਤੇ ਹੀ ਟਾਈਆਂ ਪਾ ਕੇ ਮੁਕਾਬਲੇ ਸ਼ੁਰੂ ਹੋ ਜਾਣਗੇ। ਐਂਟਰੀ ਫੀਸ 10 ਡਾਲਰ ਹੋਵੇਗੀ। ਜੇਤੂ ਟੀਮਾਂ ਨੂੰ ਢੁਕਵੇਂ ਇਨਾਮ ਦਿੱਤੇ ਜਾਣਗੇ।

ਇਸ ਦੌਰਾਨ ਚਾਹ ਪਾਣੀ ਦਾ ਖੁੱਲ੍ਹਾ ਪਰਬੰਧ ਹੋਵੇਗਾ। ਇਸ ਪਰੋਗਰਾਮ ਵਿੱਚ ਸ਼ਾਮਲ ਹੋਣ ਲਈ ਸਾਰਿਆਂ ਨੂੰ ਖੁੱਲ੍ਹਾ ਸੱਦਾ ਹੈ। ਇਹਨਾਂ ਮੁਕਾਬਲਿਆਂ ਵਿੱਚ ਹਿੱਸਾ ਲੈਣ ਜਾਂ ਕਿਸੇ ਵੀ ਤਰ੍ਹਾਂ ਦੀ ਜਾਣਕਾਰੀ ਲਈ ਪਰਧਾਨ ਦੇਵ ਸੂਦ 416-553-0722, ਉੱਪ-ਪਰਧਾਨ ਹਰਜੀਤ ਸਿੰਘ ਗਿੱਲ 416-303-0451, ਜਨਰਲ ਸੈਕਟਰੀ ਅੱਛਰ ਸਿੰਘ 647-537-2890, ਖਜਾਨਚੀ ਸੁਰਿੰਦਰ ਸਿੰਘ 647-764-9244 ਜਾਂ ਡਾਇਰੈਕਟਰ ਪਾਲਾ ਖਾਨ 647-704-1096 ਨਾਲ ਸੰਪਰਕ ਕੀਤਾ ਜਾ ਸਕਦਾ ਹੈ।

KARTAR FURNITURE
ਫਰਨੀਚਰ ਦੀ ਦੁਨੀਆ ਦਾ ਇੱਕੋ ਇੱਕ ਟਿਕਾਊ ਨਾਮ




ਕਰਤਾਰ ਫਰਨੀਚਰ

- ਅਸੀਂ ਸੋਫ਼ਾ ਸੈੱਟ ਖ਼ੁੱਦ ਹੱਥੀ ਤਿਆਰ ਕਰਦੇ ਹਾਂ
- ਕਸਟਮਰ ਆਪਣੀ ਪਸੰਦ ਦੇ ਸਪਰਿੰਗ, ਫੇਬਰਿਕ ਅਤੇ ਡਿਜਾਇਨ ਦੱਸ ਸਕਦੇ ਹਨ
- ਪੁਰਾਣੇ ਸੋਫਿਆਂ ਤੇ ਡਾਇਨਿੰਗ ਚੇਅਰ ਨੂੰ ਹਾਰਡ ਫੋਮ ਭਰਕੇ ਨਵਾਂ ਬਣਾਓ

Email: kartarfurnitue@live.com

Call Rajinder Singh 416.741.9657
69 Westmore Dr. #20
Etobicoke ON, M9V 3Y6



# ਸੰਪਾਦਕੀ

## ਕੀ ਮੈਂ ਹਿੰਸਾ ਪੂਰਣ ਜ਼ੁਰਮ ਬਾਰੇ ਚਿੰਤਤ ਹਾਂ?

ਅੱਜ ਦੇ ਐਡੀਟੋਰੀਅਲ ਦੇ ਸਿਰਲੇਖ ਦੀ ਇਬਾਰਤ ਪੀਲ ਰੀਜਨਲ ਪੁਲੀਸ ਦੀ ਸਾਬਕਾ ਮੁਖੀ ਜੈਨੀਫਰ ਐਵਨਜ਼ ਦੇ ਉਸ ਬਿਆਨ ਤੋਂ ਲਈ ਹੈ ਜੋ ਪਿਛਲੇ ਸਾਲ ਉਸਨੇ ਪੀਲ ਰੀਜਨ (ਬਰੈਂਪਟਨ ਅਤੇ ਮਿਸੀਸਾਗਾ) ਵਿੱਚ ਵੱਧ ਰਹੇ ਜੁਰਮਾਂ ਉੱਤੇ ਟਿੱਪਣੀ ਕਰਦੇ ਹੋਏ ਦਿੱਤਾ ਸੀ। ਸਾਬਕਾ ਪੁਲੀਸ ਮੁਖੀ ਨੇ ਤਾਂ ਇਹ ਵੀ ਸੁਝਾਅ ਦਿੱਤਾ ਸੀ ਕਿ ਪ੍ਰੋਵਿੰਸ਼ੀਅਲ ਸਰਕਾਰ ਵੱਲੋਂ ਸਟਰੀਟ ਚੈਕਿੰਗ ਭਾਵ ਕਾਰਡਿੰਗ ਨੂੰ ਬੰਦ ਕਰਨ ਤੋਂ ਬਾਅਦ ਜੁਰਮ ਦਰਾਂ ਵਿੱਚ ਹੋਰ ਵਾਧਾ ਹੋਇਆ ਹੈ। ਕੀ ਪੁਲੀਸ ਮੁਖੀ ਇਹ ਸੰਕੇਤ ਦੇ ਰਹੀ ਸੀ ਕਿ ਜਿਹੜੀਆਂ ਕਮਿਉਨਿਟੀਆਂ ਕਾਰਡਿੰਗ ਦਾ ਵਧੇਰੇ ਸ਼ਿਕਾਰ ਬਣਦੀਆਂ ਸਨ, ਉਹ ਹੀ ਜੁਰਮਾਂ ਲਈ ਜੁੰਮੇਵਾਰ ਹੁੰਦੀਆਂ ਹਨ? ਖੈਰ, ਬੀਤੇ ਦਿਨੀਂ ਪੀਲ ਪੁਲੀਸ ਵੱਲੋਂ ਸਾਲ 2018 ਲਈ ਜੁਰਮ ਬਾਰੇ ਸਾਲਾਨਾ ਰਿਪੋਰਟ ਵਿੱਚ ਦੱਸਿਆ ਗਿਆ ਹੈ ਕਿ ਬਰੈਂਪਟਨ ਅਤੇ ਮਿਸੀਸਾਗਾ ਵਿੱਚ ਜੁਰਮ ਦਰ ਬੀਤੇ ਸਾਲ ਨਾਲੋਂ 13.9% ਵੱਧ ਹੋਈ ਹੈ। ਇਹ ਰਿਪੋਰਟ ਹਾਲੇ ਜਤਨਕ ਨਹੀਂ ਹੋਈ ਹੈ ਕਿਉਂਕਿ ਇਸਨੂੰ ਰੀਜਨ ਆਫ ਪੀਲ ਕੋਲ ਪੇਸ਼ ਕਰਨਾ ਬਾਕੀ ਹੈ।

2017 ਵਿੱਚ 2016 ਦੇ ਮੁਕਾਬਲੇ 5.8% ਜੁਰਮ ਵੱਧ ਹੋਏ ਸਨ ਜਦੋਂ ਕਿ 2018 ਵਿੱਚ 2017 ਨਾਲੋਂ 13.9% ਜੁਰਮ ਵੱਧ ਹੋਏ ਹਨ। ਸੱਭ ਤੋਂ ਵੱਧ ਇਜਾਫ਼ਾ ਮਨੁੱਖੀ ਕਤਲਾਂ ਵਿੱਚੋ ਹੋਇਆ। 2018 ਵਿੱਚ 26 ਵਿਅਕਤੀ ਕਤਲ ਹੋਏ ਜੋ ਕਿ 58% ਵਾਧਾ ਬਣਦਾ ਹੈ ਕਿਉਂਕਿ 2017 ਵਿੱਚ 16 ਕਤਲ ਹੋਏ ਸੀ। 2018 ਵਿੱਚ 39 ਉਹ ਵਾਰਦਾਤਾਂ ਹੋਈਆਂ ਜਿਹਨਾਂ ਵਿੱਚ ਕਿਸੇ ਦੀ ਜਾਨ ਲੈਣ ਦਾ ਯਤਨ ਕੀਤਾ ਗਿਆ ਜਦੋਂ ਕਿ 2017 ਵਿੱਚ ਇਹ ਗਿਣਤੀ ਸਿਰਫ਼ 21 ਸੀ। 2018 ਵਿੱਚ ਬਰੈਂਪਟਨ ਮਿਸੀਸਾਗਾ ਵਿੱਚ 1051 ਲੁੱਟ ਖੋਹਾਂ ਦੀਆਂ ਘਟਨਾਵਾਂ ਵਾਪਰੀਆਂ ਜੋ ਪ੍ਰਤੀ ਦਿਨ 3 ਘਟਨਾਵਾਂ ਬਣਦੀਆਂ ਹਨ। 2018 ਵਿੱਚ 28, 912 ਟਰੈਫਿਕ ਕੋਲੀਜ਼ਨ ਹੋਏ ਜਿਹਨਾਂ ਦੀ ਪ੍ਰਤੀ ਦਿਨ ਗਿਣਤੀ 80 ਕੋਲੀਜ਼ਨ ਬਣਦੀ ਹੈ

ਵੱਧ ਰਹੇ ਜੁਰਮ ਨੂੰ ਠੱਲ ਪਾਉਣ ਲਈ ਕੀ ਕੀਤਾ ਜਾ ਸਕਦਾ ਹੈ ਇਸਦੀ ਸੱਭ ਤੋਂ ਵਧੀਆ ਪਰ ਮਾੜੀ ਮਿਸਾਲ ਬਰੈਂਪਟਨ ਵਿੱਚ ਵਾਰਡ ਨੰਬਰ 7 ਅਤੇ 8 ਤੋਂ ਚੁਣੇ ਗਏ ਸਿਟੀ ਕਾਉਂਸਲਰ ਪੈਟ ਫੋਰਟਿਨੀ ਦੀ ਪ੍ਰਾਈਵੇਟ ਵੈੱਬਸਾਈਟ http://pat-fortini.ca/ ਤੋਂ ਲਈ ਜਾ ਸਕਦੀ ਹੈ। ਉਸਨੇ ਅਗਲੀਆਂ ਚੋਣਾਂ ਵਿੱਚ ਜਿੱਤਣ ਦੀ ਉਮੀਦ ਨਾਲ ਵੈੱਬਸਾਈਟ ਉੱਤੇ ਕਾਊਂਟਡਾਊਨ ਮੀਟਰ ਆਰੰਭ ਵੀ ਕਰ ਦਿੱਤਾ ਹੈ। ਬੇਸ਼ੱਕ ਇਹ ਮੀਟਰ ਖਰਾਬ ਹੈ ਪਰ ਸੰਕੇਤ ਦੇਂਦਾ ਹੈ ਕਿ ਸਿਆ-ਸਤਦਾਨ ਸੱਤਾ ਵਿੱਚ ਬਣੇ ਰਹਿਣ ਲਈ ਕੀ ਕੀ ਨਹੀਂ ਕਰਦੇ। ਬੀਤੀਆਂ ਮਿਉਂਸੀਪਲ ਚੋਣਾਂ ਵਿੱਚ ਮੇਅਰ ਉਮੀਦਵਾਰਾਂ ਤੋਂ ਲੈ ਕੇ ਸਿਟੀ ਕਾਉਂਸਲਰਾਂ ਤੱਕ ਸਾਰੇ ਉਮੀਦਵਾਰਾਂ ਦੀ ਜੁਬਾਨ ਉੱਤੇ ਇੱਕ ਸਾਂਝਾ ਨਾਅਰਾ 'ਜੁਰਮ ਨੂੰ ਘੱਟ ਕਰਨਾ' ਹੁੰਦਾ ਸੀ। ਮੇਅਰ ਪੈਟਰਿਕ ਬਰਾਊਨ ਦਾ 'Get Brampton Back on Track' ਕਿਸਨੂੰ ਭੁੱਲਿਆ। ਜੁਰਮ ਘੱਟ ਕਰਨ ਲਈ ਉਸਨੇ ਇੱਕ ਪਬਲਿਕ ਸੇਫਟੀ ਉੱਦਮ (Public safety initia-tive) ਲਾਗੂ ਕਰਕੇ 23 ਅਕਤੂਬਰ 2018 ਤੱਕ ਕੰਮ ਆਰੰਭ ਕਰ ਦੇਣਾ ਸੀ। ਪਰ ਹੋਇਆ ਉਹੀ ਜਿਸਦੀ ਕਿਸੇ ਨੂੰ ਕੋਈ ਖ਼ਬਰ ਨਹੀਂ। ਇਸੇ ਤਰਾਂ ਮਿਸੀਸਾਗਾ ਦੀ ਮੇਅਰ ਬੌਨੀ ਕਰੌਂਬੀ ਨੇ ਪ੍ਰੋਵਿੰਸ ਦੇ ਕਮਿਉਨਿਟੀ ਸੇਫਟੀ ਮੰਤਰੀ ਨੂੰ ਕਰੜੇ ਹੱਥੀਂ ਲੈਣ ਤੋਂ ਲੈ ਕੇ ਜੁਰਮ ਘੱਟ ਕਰਨ ਲਈ ਹੋਰ ਕਿੰਨੇ ਵਾਅਦੇ ਕੀਤੇ ਸਨ ਪਰ ਪਰਨਾਲਾ ਉੱਥੇ ਦਾ ਉੱਥੇ ਹੈ।

ਜੁਰਮ ਇੱਕ ਸਿਆਸੀ ਬਹਿਸ ਤੋਂ ਵੱਧ ਹੋਰ ਕੁੱਝ ਨਹੀਂ ਰਹਿ ਗਿਆ ਹੈ। ਫੈਡਰਲ ਅਤੇ ਪ੍ਰੋਵਿੰਸ਼ੀਅਲ ਲਿਬਰਲਾਂ ਨਾਲ ਗੱਲ ਕੀਤੀ ਜਾਵੇ ਤਾਂ ਜਵਾਬ ਹੈ ਕਿ ਪ੍ਰੋਵਿੰਸ਼ੀਅਲ ਕੰਜ਼ਰਵੇਟਿਵ ਸਰਕਾਰ ਕੁੱਝ ਨਹੀਂ ਕਰ ਰਹੀ। ਕੰਜ਼ਰਵੇਟਿਵਾਂ ਤੋਂ ਪੁੱਛੋ ਤਾਂ ਉਹ ਲਿਬਰਲਾਂ ਦੇ ਜੁਰਮ ਪ੍ਰਤੀ ਨਰਮ ਹੋਣ ਦਾ ਰੋਣਾ ਰੋਂਦੇ ਹਨ ਕਿਉਂਕਿ ਉਹ ਖੁਦ ਨੂੰ tough on crime ਮੰਨਦੇ ਹਨ। ਪਰ ਜ਼ਮੀਨੀ ਪੱਧਰ ਉੱਤੇ ਕੁੱਝ ਹਾਸਲ ਕੀਤਾ ਵਿਖਾਈ ਨਹੀਂ ਦੇਂਦਾ।

ਸਥਾਨਕ ਕਾਉਂਸਲਰਾਂ ਅਤੇ ਰੀਜਨਲ ਕਾਉਂਸਲਰਾਂ ਲਈ ਚੋਣਾਂ ਤੋਂ ਬਾਅਦ ਜੁਰਮ ਕੋਈ ਵਿਚਾਰਨਯੋਗ ਮੁੱਦਾ ਨਹੀਂ ਰਹਿ ਗਿਆ ਜਾਪਦਾ। ਸਮਝ ਨਹੀਂ ਆਉਂਦੀ ਕਿ ਵੋਟਰ ਜੁਰਮ ਬਾਰੇ ਆਪਣੀ ਜਾਗਰੁਕਤਾ ਦਾ ਵਿਖਾਲਾ ਚੋਣਾਂ ਦੌਰਾਨ ਹੀ ਕਿਉਂ ਕਰਦੇ ਹਨ ? ਮਿਸੀਸਾਗਾ ਬਰੈਂਪਟਨ ਵਿੱਚ ਅੱਜ ਹਾਲਾਤ ਇਹ ਹਨ ਕਿ ਜੇ ਕਿਸੇ ਦੇ ਘਰ ਚੋਰੀ ਹੋ ਜਾਵੇ ਤਾਂ ਪੁਲੀਸ ਖੁਦ ਹੀ ਸਲਾਹ ਦੇਂਦੀ ਹੈ ਕਿ ਇਹ ਕੋਈ ਬਹੁਤਾ ਕਾਹਲ ਕਰਨ ਵਾਲਾ ਮਾਮਲਾ ਨਹੀਂ ਹੈ। ਇਹਨਾਂ ਸ਼ਹਿਰਾਂ ਵਿੱਚ ਕਿੰਨੇ ਕੁ ਲੋਕ ਹਨ ਜੋ ਯਕੀਨ ਨਾਲ ਆਖ ਸਕਦੇ ਹਨ ਕਿ ਚੋਰੀ ਹੋਣ ਤੋਂ ਬਾਅਦ ਪੁਲੀਸ ਚੋਰਾ ਨੂੰ ਫੜ ਲਵੇਗੀ ਜਾਂ ਲੁੱਟ ਚੁੱਕਾ ਸਮਾਨ ਬਰਾਮਦ ਕਰ ਲਵੇਗੀ? ਸੋ ਕਿਹਾ ਜਾ ਸਕਦਾ ਹੈ ਕਿ ਸਾਬਕਾ ਪੁਲੀਸ ਮੁਖੀ ਦਾ ਪਿਛਲੇ ਸਾਲ ਦਿੱਤਾ ਬਿਆਨ 'ਮੈਂ ਹਿੰਸਾ ਪੂਰਣ ਜੁਰਮ ਨੂੰ ਲੈ ਕੇ ਚਿੰਤਤ ਹਾਂ' ਅੱਜ ਵੀ ਸੱਚ ਹੈ। ਦੁਆ ਹੈ ਕਿ ਇਹ ਸੱਚ ਕੱਲ ਨੂੰ ਸੱਚ ਨਾ ਰਹੇ, ਪਰ ਸੁਆਲ ਹੈ ਕਿ ਕਿਵੇਂ?

## ਡੀ-ਡੇਅ ਸਮਾਰੋਹ ਵਿੱਚ ਹਿੱਸਾ ਲੈਣ ਲਈ ਯੂਨਾਈਟਿਡ ਕਿੰਗਡਮ ਪਹੁੰਚੇ ਟਰੂਡੋ

...ਪੰਨਾ 1 ਦਾ ਬਾਕੀ

ਇਹ ਵੀ ਉਮੀਦ ਕੀਤੀ ਜਾ ਰਹੀ ਹੈ ਕਿ ਟਰੂਡੋ ਵੱਲੋਂ ਡੀ-ਡੇਅ ਤੋਂ ਦੋ ਸਾਲ ਪਹਿਲਾਂ ਕੈਨੇਡਾ ਤੇ ਉਸ ਦੇ ਭਾਈਵਾਲਾਂ ਵੱਲੋਂ ਸਿੱਖੇ ਗਏ ਸਬਕ ਨੂੰ ਵੀ ਚੇਤੇ ਕੀਤਾ ਜਾਵੇਗਾ। ਇਸ ਦੌਰਾਨ ਕੈਨੇਡੀਅਨ ਤੇ ਬ੍ਰਿਟਿਸ਼ ਫੌਜੀ ਟੁਕੜੀਆਂ ਵੱਲੋਂ ਫਰੈਂਚ ਦੇ ਬੰਦਰਗਾਹ ਵਾਲੇ ਸ਼ਹਿਰ ਡਿਏਪੇ ਉੱਤੇ ਅਸਫਲ ਰੇਡ ਕੀਤੀ ਗਈ ਸੀ। ਅਗਸਤ 1942 ਵਿੱਚ ਡਿਏਪੇ ਵਿੱਚ 900 ਕੈਨੇਡੀਅਨ ਸੈਨਿਕ ਮਾਰੇ ਗਏ ਸਨ ਤੇ 2000 ਹੋਰਨਾਂ ਨੂੰ ਬੰਦੀ ਬਣਾ ਲਿਆ ਗਿਆ ਸੀ। ਇਹ ਭਾਵੇਂ ਵੱਡਾ ਘਾਟਾ ਸੀ ਪਰ ਇਸ ਨਾਲ ਡੀ-ਡੇਅ ਦੀ ਯੋਜਨਾ ਬਣਾਉਣ ਵਾਲਿਆਂ ਨੂੰ ਫਰਾਂਸ ਨੂੰ ਨਾਜ਼ੀਆਂ ਦੇ ਕਬਜ਼ੇ ਤੋਂ ਛੁਡਾਉਣ ਲਈ ਚੜ੍ਹਾਈ ਕਰਨ ਵਾਸਤੇ ਬਿਹਤਰ ਯੋਜਨਾ ਤਿਆਰ ਕਰਨ ਦਾ ਮੌਕਾ ਮਿਲ ਗਿਆ ਸੀ।

90 ਮਿੰਟਾਂ ਦੇ ਇਸ ਸਮਾਰੋਹ ਦੌਰਾਨ ਟਰੰਪ, ਮੇਅ, ਫਰਾਂਸ ਦੇ ਰਾਸ਼ਟਰਪਤੀ ਇਮੈਨੂਅਲ ਮੈਕਰੌਨ ਤੇ ਮਹਾਰਾਣੀ ਐਲਿਜ਼ਾਬੈੱਥ ਵੱਲੋਂ ਵੀ ਆਪਣੇ ਵਿਚਾਰ ਰੱਖੇ ਜਾਣਗੇ। ਇਸ ਦੌਰਾਨ ਕਈ ਦਹਾਕੇ ਪਹਿਲਾਂ ਨੌਰਮੈਂਡੀ ਉੱਤੇ ਚੜ੍ਹਾਈ ਸ਼ੁਰੂ ਕਰਨ ਵਾਲੇ ਕਈ ਵੈਟਰਨ ਸੈਨਿਕਾਂ ਦੇ ਹਿੱਸਾ ਲੈਣ ਦੀ ਵੀ ਸੰਭਾਵਨਾ ਹੈ।

## ਆਮਦਨ ਨਾਲੋਂ ਖਰਚੇ ਵਧਾਉਣਾ ਚੰਗੀ ਸਰਕਾਰ ਦੀ ਨਿਸ਼ਾਨੀ ਨਹੀਂ : ਡੱਗ ਫੋਰਡ

...ਪੰਨਾ 1 ਦਾ ਬਾਕੀ

ਉਨ੍ਹਾਂ ਕਿਹਾ ਕਿ ਸਾਡੇ ਵਲੋਂ ਲਿਆਂਦੀਆਂ ਤਬਦੀਲੀਆਂ ਕਾਰਨ ਉਹ ਲੋਕ ਜੋ ਬਿਨਾਂ ਕੋਈ ਕੰਮ ਕੀਤਿਆਂ ਪੈਸਾ ਕਮਾ ਰਹੇ ਸਨ, ਉਨ੍ਹਾਂ ਦੀਆਂ ਕਟੌਤੀਆਂ ਹੋਈਆਂ ਹਨ ਤੇ ਉਨ੍ਹਾਂ ਵਲੋਂ ਹੀ ਵਾਹ-ਵਰੋਲਾ ਖੜ੍ਹਾ ਕੀਤਾ ਜਾ ਰਿਹਾ ਹੈ ਕਿ ਡੱਗ ਫੋਰਡ ਦੀ ਸਰਕਾਰ ਨੇ ਸਾਡੀ ਫੰਡਿੰਗ ਵਿਚ ਕਟੌਤੀ ਕੀਤੀ ਹੈ। ਜੇਕਰ ਤੁਸੀਂ ਓਵਰਆਲ ਫੰਡਿੰਗ ਫਾਰਮੂਲਾ ਦੇਖਦੇ ਹੋ ਤਾਂ ਉਹ ਪਹਿਲਾਂ ਨਾਲੋਂ ਬਹੁਤ ਬਿਹਤਰ ਕਰ ਦਿੱਤਾ ਗਿਆ ਹੈ। ਇਸੇ ਤਰ੍ਹਾਂ ਉਨ੍ਹਾਂ ਕਾਰਬਨ ਟੈਕਸ ਉਤੇ ਗੱਲਬਾਤ ਕਰਦਿਆਂ ਕਿਹਾ ਗਿਆ ਕਿ ਸਾਨੂੰ ਹਰ ਹਾਲਤ ਵਿਚ ਫੈਡਰਲ ਲਿਬਰਲ ਸਰਕਾਰ ਵਲੋਂ ਲਗਾਏ ਕਾਰਬਨ ਟੈਕਸ ਦਾ ਵਿਰੋਧ ਕਰਨਾ ਚਾਹੀਦਾ ਹੈ ਤੇ ਇਸ ਕਾਰਬਨ ਟੈਕਸ ਨੂੰ ਰੋਕਿਆ ਜਾਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਕੀ ਤੁਸੀਂ ਆਪਣਾ ਪੈਸਾ ਆਪਣੀ ਜੇਬ ਵਿਚ ਰੱਖ ਕੇ ਬਿਹਤਰ ਢੰਗ ਨਾਲ ਖਰਚ ਸਕੋਗੇ ਜਾਂ ਫੇਰ ਤੁਸੀ ਆਪਣਾ ਪੈਸਾ ਕਿਸੇ ਸਰਕਾਰ ਦੇ ਹੱਥ ਵਿਚ ਦੇ ਕੇ ਇਹ ਸੋਚੋਗੇ ਕਿ ਸਰਕਾਰ ਸਾਡੇ ਲਈ ਬਿਹਤਰ ਢੰਗ



ਨਾਲ ਪੈਸਾ ਖਰਚੇਗੀ। ਉਨ੍ਹਾਂ ਕਿਹਾ ਕਿ ਇੰਸ਼ੋਰੈਂਸ ਦਾ ਮੁੱਦਾ ਇਸ ਸਮੇਂ ਬਹੁਤ ਭਖਵਾਂ ਮੁੱਦਾ ਹੈ, ਅਸੀਂ ਇਸ ਉਤੇ ਕੰਮ ਕਰ ਰਹੇ ਹਾਂ। ਇਸ ਉਤੇ ਕੰਮ ਕਰਨ ਲਈ ਸਾਨੂੰ ਥੋੜਾ ਸਮਾਂ ਚਾਹੀਦਾ ਹੈ ਤਾਂ ਜੋ ਅਸੀ ਇੰਸ਼ੋਰੈਂਸ ਕੰਪਨੀਆਂ ਵਲੋਂ ਕੀਤੀ ਜਾ ਰਹੀ ਲੁੱਟ-ਖਸੁੱਟ ਖਤਮ ਕਰ ਸਕੀਏ। ਉਨ੍ਹਾਂ ਕਿਹਾ ਕਿ ਇਸ ਵਿਚ ਕੀ ਹਰਜ ਹੈ ਕਿ ਹੁਣ ਬੀਅਰ ਜਾਂ ਵਾਈਨ ਲਿਮਿਟਡ ਸਟੋਰਾਂ ਉਤੇ ਮਿਲਦੀ ਹੈ, ਪਰ ਸਾਡੀ ਕੋਸ਼ਿਸ਼ ਤੋਂ ਬਾਅਦ 12 ਹਜਾਰ ਸਟੋਰਾਂ ਉਤੇ ਬੀਅਰ ਜਾਂ ਵਾਈਨ ਮਿਲਣੀ ਸ਼ੁਰੂ ਹੋ ਜਾਵੇਗੀ। ਇਸ ਨਾਲ ਅਸੀਂ ਇਕ ਮੋਨੋਪਲੀ ਨੂੰ ਤੋੜ ਰਹੇ ਹਾਂ ਤੇ ਆਮ ਲੋਕਾਂ ਨੂੰ ਵਧੀਆ ਸਰਵਿਸ ਪ੍ਰੋਵਾਈਡ ਕਰ ਰਹੇ ਹਾਂ।

ਅੰਤ ਵਿਚ ਉਨ੍ਹਾਂ ਕਿਹਾ ਕਿ ਪਹਿਲਾਂ ਵਾਲੀ ਲਿਬਰਲ ਸਰਕਾਰ ਹਰ ਰੋਜ਼ 40 ਮਿਲੀਅਨ ਡਾਲਰ ਦਾ ਖਰਚਾ ਕਰਦੀ ਸੀ, ਜਦਕਿ ਉਨ੍ਹਾਂ ਦੀ ਆਮਦਨ 40 ਮਿਲੀਅਨ ਡਾਲਰ ਤੋਂ ਘੱਟ ਹੁੰਦੀ ਸੀ ਤੇ ਸਾਡੀ ਇਹ ਕੋਸ਼ਿਸ਼ ਹੈ ਕਿ ਜਿੰਨਾ ਸਾਡਾ ਹਰ ਰੋਜ਼ ਦਾ ਖਰਚਾ ਹੈ, ਉਸ ਤੋ ਵੱਧ ਸਾਡੀ ਆਮਦਨ ਹੋਵੇ ਤਾਂ ਜੋ ਓਂਟਾਰੀਓ ਸੂਬਾ ਪਹਿਲਾਂ ਨਾਲੋਂ ਬਿਹਤਰ ਬਣ ਸਕੇ ਅਤੇ ਸਾਡਾ ਸਿੱਖਿਆ ਵਿਭਾਗ, ਸਾਡਾ ਹੈਲਥ ਸਿਸਟਮ ਅਤੇ ਸਾਡਾ ਇੰਫ੍ਰਾਸਟ੍ਰਕਚਰ ਬਿਹਤਰ ਹੋ ਸਕੇ। ਉਨ੍ਹਾਂ ਕਿਹਾ ਕਿ ਸਾਡਾ ਬਹੁਤਾ ਪੈਸਾ ਜੋ ਇਸ ਸਮੇਂ ਓਂਟਾਰੀਓ ਸਿਰ ਚੜ੍ਹੇ ਕਰਜੇ ਦੇ ਵਿਆਜ ਨੂੰ ਲਾਹੁਣ ਲਈ ਜਾਂਦਾ ਹੈ, ਉਹ ਸਾਡਾ ਪੈਸਾ ਓਂਟਾਰੀਓ ਦੇ ਲੋਕਾਂ ਦੀ ਭਲਾਈ ਲਈ ਵਰਤਿਆ ਜਾਵੇ। ਇਸ ਮੌਕੇ ਲਗਭਗ 25 ਤੋਂ ਵੱਧ ਵੱਖ-ਵੱਖ ਐਥਨਿਕ ਮੀਡੀਆ ਦੇ ਲੋਕ ਇਸ ਪ੍ਰੈਸ ਕਾਨਫਰੰਸ ਵਿਚ ਸ਼ਾਮਲ ਸਨ, ਜਿਨ੍ਹਾਂ ਨੇ ਪ੍ਰੀਮੀਅਰ ਡੱਗ ਫੋਰਡ ਨਾਲ ਸਵਾਲ ਜਵਾਬ ਕੀਤੇ।

ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post

Punjabipost.ca
905-793-2202
27 Armthorpe Rd #3,
Brampton, L6T 5M4

| | |
|---|---|
| Founder Editor | Jagdish Singh Grewal |
| Managing Director | Parminder Kaur Grewal |
| Contributing Editors | Karam Singh Punia<br>Gyan Singh; Angrej Singh |
| Office Admin | Priya Sodhi |
| Marketing Executives | Priya Sodhi<br>Kamaljeet Kaur |
| Graphic Designer | Satnam Singh |
| Photographer | Kanwaljit Singh Kanwal |
| Distributer | Aman Warraich |

Punjabi Post is a daily newspaper, published *Monday to Friday*. Advertiser is solely responsible for the ads content, releasing Punjabi post from any and all liability arising from Advertiser's use of the ads/advertising materials as permitted in an Agreement or IO. The opinions expressed in the articles & columns are those of the writers, editors or any other staff member at Punjabi post assume no responsibility of any kind. Thank you.

## ਰੇਨਾਅ-ਫੀਏਟ ਕ੍ਰਾਈਸਲਰ ਰਲੇਵੇਂ ਲਈ ਦੋਵੇਂ ਧਿਰਾਂ ਆਰਜ਼ੀ ਡੀਲ ਉੱਤੇ ਪਹੁੰਚੀਆਂ

...ਪੰਨਾ 3 ਦਾ ਬਾਕੀ

ਫੀਏਟ ਕ੍ਰਾਈਸਲਰ ਵੱਲੋਂ ਰੇਨਾਅ ਨਾਲ ਰਲੇਵੇਂ ਦਾ ਪ੍ਰਸਤਾਵ ਰੱਖਿਆ ਗਿਆ ਸੀ ਤਾਂ ਕਿ 40 ਬਿਲੀਅਨ ਡਾਲਰ ਦੀ ਕੰਪਨੀ ਖੜ੍ਹੀ ਕੀਤੀ ਜਾ ਸਕੇ ਜੋ ਕਿ ਸਾਲ ਵਿੱਚ 8.7 ਮਿਲੀਅਨ ਗੱਡੀਆਂ ਦਾ ਨਿਰਮਾਣ ਕਰ ਸਕੇ। ਰੇਨਾਅ ਦੇ ਬੋਰਡ ਵੱਲੋਂ ਫੀਏਟ ਕ੍ਰਾਈਸਲਰ ਦੀ ਇਸ ਪੇਸ਼ਕਸ਼ ਉੱਤੇ ਵਿਚਾਰ ਵਟਾਂਦਰਾ ਕਰਨ ਲਈ ਪੈਰਿਸ ਤੋਂ ਬਾਹਰ ਮੁਲਾਕਾਤ ਕੀਤੀ ਗਈ ਪਰ ਇਸ ਸਬੰਧੀ ਅੱਧੀ ਰਾਤ ਤੱਕ ਕੋਈ ਐਲਾਨ ਨਹੀਂ ਕੀਤਾ ਜਾ ਸਕਿਆ। ਕੱਲ੍ਹ ਵੀ ਇਸ ਤਰ੍ਹਾਂ ਦੀ ਹੋਈ ਮੀਟਿੰਗ ਵਿੱਚ ਕੋਈ ਫੈਸਲਾ ਨਹੀਂ ਸੀ ਕੀਤਾ ਜਾ ਸਕਿਆ।

ਇੱਥੇ ਦੱਸਣਾ ਬਣਦਾ ਹੈ ਕਿ ਫਰੈਂਚ ਸਰਕਾਰ ਕੋਲ ਰੇਨਾਅ ਦੀ 15 ਫੀ ਸਦੀ ਹਿੱਸੇਦਾਰੀ ਹੈ ਤੇ ਸਰਕਾਰ ਰੋਜ਼ਗਾਰ ਤੇ ਨਿਵੇਸ਼ ਸਬੰਧੀ ਭਰੋਸਾ ਚਾਹੁੰਦੀ ਹੈ। ਇਸ ਤੋਂ ਇਲਾਵਾ ਸਾਂਝੇ ਬੋਰਡ ਵਿੱਚ ਸੀਟ ਤੇ ਸਾਂਝੀ ਕੰਪਨੀ ਦਾ ਆਪਰੇਸ਼ਨਲ ਹੈੱਡਕੁਆਰਟਰ ਫਰਾਂਸ ਵਿੱਚ ਚਾਹੁੰਦੀ ਹੈ। ਸਰਕਾਰ ਵੱਲੋਂ ਵੀ ਹਾਲ ਦੀ ਘੜੀ ਇਸ ਸਬੰਧ ਵਿੱਚ ਕੋਈ ਐਲਾਨ ਨਹੀਂ ਕੀਤਾ ਗਿਆ ਕਿਉਂਕਿ ਰੇਨਾਅ ਬੋਰਡ ਮੀਟਿੰਗ ਅਜੇ ਵੀ ਜਾਰੀ ਸੀ।ਇਸ ਦੌਰਾਨ ਬੁੱਧਵਾਰ ਨੂੰ ਫਰਾਂਸ ਦੇ ਵਿੱਤ ਮੰਤਰੀ ਨੇ ਆਖਿਆ ਕਿ ਕਾਰ ਕੰਪਨੀਆਂ ਨੂੰ ਰਲੇਵੇਂ ਲਈ ਕਾਹਲੀ ਨਹੀਂ ਕਰਨੀ ਚਾਹੀਦੀ। ਬਰੂਨੋ ਲੇ ਮੇਅਰ ਨੇ ਆਖਿਆ ਕਿ ਸਾਰਾ ਕੁੱਝ ਸਹੀ ਢੰਗ ਨਾਲ ਹੋਣਾ ਚਾਹੀਦਾ ਹੈ। ਅਸੀਂ ਵੀ ਰਲੇਵਾਂ ਚਾਹੁੰਦੇ ਹਾਂ ਪਰ ਕਿਸੇ ਵੀ ਹਾਲ ਵਿੱਚ ਇਹ ਹੋਵੇ ਅਜਿਹਾ ਵੀ ਨਹੀਂ ਚਾਹੁੰਦੇ।

## ਵਿਸ਼ਵ ਪੰਜਾਬੀ ਕਾਨਫ਼ਰੰਸ 22 ਜੂਨ ਨੂੰ, ਕਾਨਫ਼ਰੰਸ ਦੀ ਤਿਆਰੀ ਸਬੰਧੀ ਕਾਰਜਕਾਰਨੀ ਕਮੇਟੀ ਦੀ 2 ਜੂਨ ਨੂੰ ਹੋਈ ਮੀਟਿੰਗ

ਬਰੈਂਪਟਨ : ਕੈਨੇਡਾ ਦੇ ਨੌਂਵੇਂ ਵੱਡੇ ਸ਼ਹਿਰ ਬਰੈਂਪਟਨ ਵਿਚ 22 ਅਤੇ 23 ਜੂਨ ਨੂੰ ਆਯੋਜਿਤ ਕੀਤੀ ਜਾ ਰਹੀ 'ਵਿਸ਼ਵ ਪੰਜਾਬੀ ਕਾਨਫ਼ਰੰਸ' ਦੀਆਂ ਤਿਆਰੀਆਂ ਪੂਰੇ ਜ਼ੋਰਾਂ ਨਾਲ ਚੱਲ ਰਹੀਆਂ ਹਨ। ਇਸ ਕਾਨਫ਼ਰੰਸ ਦੇ ਸਫ਼ਲ ਆਯੋਜਨ ਲਈ ਬਰੈਂਪਟਨ ਤੇ ਸਮੁੱਚੇ ਗਰੇਟਰ ਟੋਰਾਂਟੋ ਏਰੀਏ ਦੇ ਲੇਖਕਾਂ, ਪਾਠਕਾਂ ਤੇ ਉੱਘੀਆਂ ਪੰਜਾਬੀ ਸ਼ਖ਼ਸੀਅਤਾਂ ਅਤੇ ਸੰਸਥਾਵਾਂ ਵੱਲੋਂ ਭਰਵਾਂ ਹੁੰਗਾਰਾ ਮਿਲ ਰਿਹਾ ਹੈ

ਕਾਨਫ਼ਰੰਸ ਦੇ ਸੁਯੋਗ ਪ੍ਰਬੰਧ ਲਈ ਵਾਲੰਟੀਅਰਾਂ ਦੀਆਂ ਵੱਖ-ਵੱਖ ਡਿਊਟੀਆਂ ਲਗਾਉਣ ਲਈ ਪ੍ਰਬੰਧਕਾਂ ਤੇ ਸਹਿਯੋਗੀਆਂ ਦੀ ਇਕ ਮੀਟਿੰਗ ਬੀਤੇ ਐਤਵਾਰ 2 ਜੂਨ ਨੂੰ ਰਾਮਗੜ੍ਹੀਆ ਭਵਨ ਵਿਚ ਹੋਈ ਜਿਸ ਨੂੰ ਸੰਬੋਧਨ ਕਰਦਿਆਂ ਜਨਰਲ ਸਕੱਤਰ ਪ੍ਰੋ. ਜਗੀਰ ਸਿੰਘ ਨੇ ਦੱਸਿਆ ਕਿ ਇਹ ਕਾਨਫ਼ਰੰਸ ਸ੍ਰੀ ਗੁਰੂ ਨਾਨਕ ਦੇਵ ਜੀ ਦੇ 550'ਵੇਂ ਪ੍ਰਕਾਸ਼ ਉਤਸਵ ਨੂੰ ਸਮੱਰਪਿਤ ਹੋਵੇਗੀ ਜਿਸ ਵਿਚ ਪ੍ਰਸਿੱਧ ਵਿਦਵਾਨਾਂ ਵੱਲੋਂ ਗੁਰੂ ਜੀ ਦੇ ਜੀਵਨ, ਰਚਨਾ ਅਤੇ ਸਿੱਖਿਆਵਾਂ ਬਾਰੇ ਖੋਜ-ਪੱਤਰ ਪੇਸ਼ ਕੀਤੇ ਜਾ ਰਹੇ ਹਨ। ਇਸ ਕਾਨਫ਼ਰੰਸ ਵਿਚ ਜਿੱਥੇ ਭਾਰਤ, ਅਮਰੀਕਾ, ਇੰਗਲੈਂਡ ਅਤੇ ਹੋਰ ਕਈ ਦੇਸ਼ਾਂ ਦੇ ਵਿਦਵਾਨ ਲੇਖਕ ਆਪਣੇ ਪੇਪਰ ਪੇਸ਼ ਕਰਨਗੇ, ਉੱਥੇ ਇਸ ਗੱਲ ਦਾ ਉਚੇਚਾ ਧਿਆਨ ਰੱਖਿਆ ਗਿਆ ਹੈ ਕਿ ਕੈਨੇਡਾ ਅਤੇ ਖ਼ਾਸ ਕਰਕੇ ਟੋਰਾਂਟੋ ਦੇ ਇਲਾਕੇ ਵਿਚ ਵੱਸਣ ਵਾਲੇ ਲੇਖਕਾਂ ਤੇ ਵਿਦਵਾਨਾਂ ਦੀ ਇਸ ਵਿਚ ਭਰਵੀਂ ਸ਼ਮੂਲੀਅਤ ਹੋਵੇ। ਇਸ ਮੰਤਵ ਲਈ ਉਨ੍ਹਾਂ ਵਿਚੋਂ ਕਈਆਂ ਵੱਲੋਂ ਉਚੇਚੇ ਤੌਰ 'ਤੇ ਪੇਪਰ ਵੀ ਲਿਖਵਾਏ ਗਏ ਹਨ ਜੋ ਉਹ ਇਸ ਕਾਨਫ਼ਰੰਸ ਵਿਚ ਪੇਸ਼ ਕਰਨਗੇ। ਉਨ੍ਹਾਂ ਕਿਹਾ ਕਿ ਕਾਨਫ਼ਰੰਸ ਲਈ ਰਿਸੈੱਪਸ਼ਨ ਕਮੇਟੀ, ਰਿਹਾਇਸ਼ ਕਮੇਟੀ, ਟਰਾਂਸਪੋਰਟ ਕਮੇਟੀ,, ਭੋਜਨ ਕਮੇਟੀ ਆਦਿ ਵੱਖ-ਵੱਖ ਕਮੇਟੀਆਂਦਾ ਗਠਨ ਕੀਤਾ ਗਿਆ ਹੈ ਜੋ ਆਪੋ ਆਪਣਾ ਕੰਮ ਜ਼ੁਮੇਂਵਾਰੀ ਨਾਲ ਸੰਭਾਲਣਗੀਆਂ।



ਇਸ ਮੌਕੇ ਆਪਣੇ ਵਿਚਾਰ ਪ੍ਰਗਟ ਕਰਦਿਆਂ ਹੋਇਆਂ ਕਾਨਫ਼ਰੰਸ ਦੇ ਸਰਪ੍ਰਸਤ ਡਾ ਸੋਲੋਮਨ ਨਾਜ਼ ਨੇ ਦੱਸਿਆ ਕਿ ਬਹੁਤ ਸਾਰੇ ਵਿਦਾਵਨਾਂ ਦੇ ਖੋਜ-ਪੱਤਰ ਉਨ੍ਹਾਂ ਨੂੰ ਪ੍ਰਾਪਤ ਹੋ ਚੁੱਕੇ ਹਨ ਅਤੇ ਕਈ ਹੋਰ ਵੀ ਅਜੇ ਆ ਰਹੇ ਹਨ। ਇਨ੍ਹਾਂ ਨੂੰ ਸੰਪਾਦਿਤ ਕਰਕੇ ਖ਼ੂਬਸੂਰਤ ਪੁਸਤਕ ਰੂਪ ਵਿਚ ਛਾਪਿਆ ਜਾਏਗਾ ਜੋ ਕਿ ਗੁਰੂ ਨਾਨਕ ਦੇਵ ਜੀ ਦੇ 550'ਵੇਂ ਪ੍ਰਕਾਸ਼ ਦਿਹਾੜੇ 'ਤੇ ਲੋਕ-ਅਰਪਿਤ ਕੀਤੀ ਜਾਏਗੀ। ਕਾਨਫ਼ਰੰਸ ਦੇ ਚੇਅਰਪਰਸਨ ਗਿਆਨ ਸਿੰਘ ਕੰਗ ਨੇ ਸਮੂਹ ਪ੍ਰਬੰਧਕਾਂ ਨੂੰ ਕਾਨਫ਼ਰੰਸ ਵਿਚ ਲਗਾਈਆਂ ਜਾਣ ਵਾਲੀਆਂ ਵੱਖ-ਵੱਖ ਡਿਊਟੀਆਂ ਨੂੰ ਪੂਰੀ ਸੁਹਿਰਦਤਾ ਨਾਲ ਕਰਨ ਲਈ ਕਿਹਾ। ਉਨ੍ਹਾਂ ਇਸ ਮੀਟਿੰਗ ਵਿਚ ਆਏ ਹੋਏ ਕਾਨਫ਼ਰੰਸ ਦੇ ਸਮੱਰਥਕਾਂ ਨੂੰ ਜੀ-ਆਇਆਂ ਕਿਹਾ। ਇਸ ਤੋਂ ਇਲਾਵਾ ਇਸ ਮੌਕੇ ਕਾਨਫ਼ਰੰਸ ਨੂੰ ਸਫ਼ਲ ਬਣਾਉਣ ਲਈ ਮੀਡੀਆਕਾਰ ਸੁਖਦੇਵ ਸਿੰਘ ਢਿੱਲੋਂ, ਚੈਂਬਰ ਆਫ਼ ਕਾਮਰਸ ਦੇ ਸਾਬਕਾ-ਪ੍ਰਧਾਨ ਕੰਵਰ ਧੰਜਲ, ਸਾਬਕਾ ਸਿਟੀਜ਼ਨਸ਼ਿਪ ਜੱਜ ਹੈਰੀ ਧਾਲੀਵਾਲ, ਮੱਖਣ ਸਿੰਘ ਮਾਨ, ਸਾਧੂ ਸਿੰਘ ਬਰਾੜ, ਗੁਰਸ਼ਰਨ ਕੌਰ ਕਾਂਡਰਾ (ਸੀ.ਈ.ਓ.ਸੀ.ਆਈ.ਏ.ਐੱਸ.), ਸੁਰਜੀਤ ਕੌਰ, ਪ੍ਰੀਤੀ ਲਾਂਬਾ, ਚਮਕੌਰ ਸਿੰਘ ਮਾਛੀਕੇ, ਪਰਮਜੀਤ ਦਿਓਲ ਤੇ ਕਈ ਹੋਰਨਾਂ ਨੇ ਵੀ ਆਪਣੇ ਵਿਚਾਰ ਪੇਸ਼ ਕੀਤੇ। ਅਖ਼ੀਰ ਵਿਚ ਕਾਨਫ਼ਰੰਸ ਦੇ ਪ੍ਰਧਾਨ ਕਮਲਜੀਤ ਸਿੰਘ ਲਾਲੀ ਵੱਲੋਂ ਆਏ ਹੋਏ ਸਮੂਹ ਪ੍ਰਬੰਧਕਾਂ ਅਤੇ ਸਹਿਯੋਗੀਆਂ ਦਾ ਧੰਨਵਾਦ ਕੀਤਾ ਗਿਆ।

ਜ਼ਿਕਰਯੋਗ ਹੈ ਕਿ ਇਹ ਦੋ-ਦਿਨਾਂ ਵਿਸ਼ਵ ਕਾਨਫ਼ਰੰਸ 22 ਅਤੇ 23 ਜੂਨ 2019 ਨੂੰ Saprenza Banquet Hall, 510 Deerhurst Dr., Brampton ਵਿਚ ਹੋਵੇਗੀ। ਇਸ ਸਬੰਧੀ ਵਧੇਰੇ ਜਾਣਕਾਰੀ ਲਈ ਚੇਅਰਮੈਨ ਗਿਆਨ ਸਿੰਘ ਕੰਗ (416-427-9068), ਪ੍ਰਧਾਨ ਕਮਲਜੀਤ ਸਿੰਘ ਲਾਲੀ ਕਿੰਗ (416-816-6663), ਜਨਰਲ ਸਕੱਤਰ ਪ੍ਰੋ. ਜਗੀਰ ਸਿੰਘ ਕਾਹਲੋਂ (647-533-8297) ਅਤੇ ਮੀਡੀਆ-ਕੋਆਰਡੀਨੇਟਰ ਚਮਕੌਰ ਸਿੰਘ ਮਾਛੀਕੇ (416-880-8538) ਨਾਲ ਸੰਪਰਕ ਕੀਤਾ ਜਾ ਸਕਦਾ ਹੈ।


















# ਵਿਅੰਗ

# ਸ਼ਰਧਾਂਜਲੀ

-ਕੇ ਐੱਲ ਗਰਗ-

ਸਾਡੀਆਂ ਬੁੜ੍ਹੀਆਂ ਆਮ ਹੀ ਕਹਿੰਦੀਆਂ ਸੁਣਦੀਆਂ ਹਨ : 'ਸਾਊ ਬੰਦਾ ਮੁੱਕ ਜਾਂਦਾ, ਬੰਦੇ ਦੇ ਕੰਮ ਨਹੀਂ ਮੁੱਕਦੇ। ਸਾਰੀ ਉਮਰ ਭਮੀਰੀ ਆਂਗੂ ਘੁਕਦਾ ਰਹਿੰਦਾ, ਪਰ ਉਹਦੇ ਕੰਮ ਨੀਂ ਮੁਕਦੇ। ਕੰਮ ਵੀ ਮੁੱਕੇ ਆ ਕਦੀ?'

ਫੋਕੀ ਰਾਮ ਨੇ ਸਾਰੀ ਉਮਰ ਸੰਘਰਸ਼ ਕੀਤਾ। ਜ਼ਿੰਦਗੀ ਭਰ ਜ਼ਿੰਦਗੀ ਨਾਲ ਲੜਦਾ ਰਿਹਾ ਤੇ ਫਿਰ ਦੀਵੇ ਨੇ ਬੁੱਝਣਾ ਹੀ ਬੁੱਝਣਾ ਸੀ। ਭਕ-ਭਕ ਕਰਦਾ ਭੁੱਝ ਗਿਆ। ਧੀਆਂ-ਪੁੱਤਾਂ ਨੇ ਉਹਦਾ ਬਬਾਨ ਕੱਢਿਆ। ਗਰੁੜ ਪੁਰਾਣ ਕਥਾ ਕਰਵਾਈ। ਕਥਾ ਦੀ ਸਮਾਪਤੀ 'ਤੇ ਭੋਗ ਪਾਇਆ। ਕਥਾ ਵਾਚਕ ਪੁਰੋਹਿਤ ਨੇ ਕਥਾ ਕਰਦਿਆਂ ਜੀਵਨ ਦੀ ਛਿਣ ਭੰਗਰਤਾ 'ਤੇ ਗਹਿ-ਗੱਚਵਾਂ ਪ੍ਰਵਚਨ ਕੀਤਾ। ਜੀਵਨ ਦੀ ਤੁਲਨਾ ਪਾਣੀ ਦੇ ਬੁਲਬੁਲੇ ਨਾਲ ਕੀਤੀ, ਜੋ ਦੇਖਦਿਆਂ-ਦੇਖਦਿਆਂ ਹੀ ਪਲਾਂ-ਛਿਣਾਂ 'ਚ ਬਿਨਸ ਜਾਂਦਾ ਹੈ। ਉਸ ਤਾਰੇ ਨਾਲ ਕੀਤੀ, ਜੋ ਪ੍ਰਭਾਤ ਨੂੰ ਦੇਖਦਿਆਂ ਛੂ-ਛਿੱਪਣ ਹੋ ਜਾਂਦਾ ਹੈ। ਉਨ੍ਹਾਂ ਇਹ ਵੀ ਆਖਿਆ ਕਿ ਬੰਦੇ ਦੇ ਚੰਗੇ ਕਰਮ ਹੀ ਨਾਲ ਜਾਂਦੇ ਹਨ। ਭਾਵੇਂ ਇਹ ਪ੍ਰਵਚਨ ਕਰਦਿਆਂ, ਉਨ੍ਹਾਂ ਦੀ ਨਿਗ੍ਹਾ ਚੜ੍ਹਾਵੇ ਵਾਲੀ ਥਾਲੀ 'ਤੇ ਸੀ। ਉਹ ਜਾਣਦੇ ਹਨ ਕਿ ਪ੍ਰਵਚਨ ਤਾਂ ਲੋਕਾਂ ਕੋਲ ਜਾਵੇਗਾ, ਕੇਵਲ ਤੇ ਕੇਵਲ ਚੜ੍ਹਾਵਾ ਉਨ੍ਹਾਂ ਕੋਲ ਟਿਕਿਆ ਰਹਿ ਸਕੇਗਾ।

ਫੋਕੀ ਰਾਮ ਦੇ ਸੰਘਰਸ਼ ਦੇ ਕੁਝ ਚਸ਼ਮਦੀਦ ਗਵਾਹ, ਉਸ ਦੇ ਯਾਰ ਬੇਲੀ, ਮਿੱਤਰ-ਸੱਜਣ ਉਸ ਕਥਾ ਵੇਲੇ ਹਾਜ਼ਰ ਸਨ। ਫੋਕੀ ਰਾਮ ਦੇ ਧੀਆਂ-ਪੁੱਤਰ ਚਾਹੁੰਦੇ ਸਨ ਕਿ ਉਨ੍ਹਾਂ ਦੇ ਪਿਓ ਦਾ ਉਸਤਤਿ-ਗਾਨ, ਉਸ ਦੇ ਯਾਰ-ਦੋਸਤ ਕਰਨ। ਜਿਨ੍ਹਾਂ ਨੇ ਕਦੇ ਫੋਕੀ ਰਾਮ ਨੂੰ ਫਿੱਟੇ ਮੂੰਹ ਨਹੀਂ ਸੀ ਆਖਿਆ, ਉਹ ਵੀ ਉਸ ਨੂੰ ਸ਼ਰਧਾਂਜਲੀ ਦੇਣ ਲਈ ਹੁੰਮ ਹੁਮਾ ਕੇ ਪੁੱਜੇ ਸਨ। ਜਿਊਂਦੇ ਜੀਅ ਬੰਦੇ ਨਾਲ ਲੱਖ ਮਨ-ਮੁਟਾਵ ਰਹੇ, ਮੌਤ ਤੋਂ ਬਾਅਦ ਸਭ ਕੁਝ ਰਿਨ ਨਾਲ ਧੋਤੀ ਗੰਦੀ ਕਮੀਜ਼ ਵਾਂਗ ਸਾਫ-ਸੁਥਰਾ, ਉਜਲਾ-ਉਜਲਾ ਹੋ ਜਾਂਦਾ ਹੈ। ਕਥਾਕਾਰ ਜੀ ਨੇ ਆਪਣੀ ਕਥਾ ਨੂੰ ਰੋਕ ਕੇ ਸ਼ਰਧਾਂਜਲੀ ਦੇਣ ਵਾਲਿਆਂ ਨੂੰ ਸੱਦਾ ਦਿੱਤਾ ਤਾਂ ਕਈ ਜਣੇ ਬਰਸਾਤੀ ਡੱਡੂਆਂ ਵਾਂਗ ਟਰੈਂ-ਟਰੈਂ ਕਰਨ ਲਈ ਤੱਤਪਰ ਹੋ ਗਏ।

ਸਭ ਤੋਂ ਪਹਿਲਾਂ ਦੁਖੀ ਮੱਲ ਦੁਖੀ ਬੋਲਿਆ, ''ਅੱਜ ਆਪਾਂ ਫੋਕੀ ਰਾਮ ਦੀਆਂ ਆਖਰੀ ਰਸਮਾਂ ਵਿੱਚ ਸ਼ਾਮਲ ਹੋਣ ਲਈ ਇਕੱਠੇ ਹੋਏ ਹਾਂ। ਮੇਰਾ ਉਸ ਨਾਲ ਡੂੰਘਾ ਰਿਸ਼ਤਾ ਸੀ। ਸਾਡੇ ਦੋਵਾਂ 'ਚ ਇੱਕ ਗੱਲੋਂ ਪੱਕੀ ਸਾਂਝ ਸੀ, ਉਹ ਸੀ ਸਾਡੀ ਦੋਵਾਂ ਦੀ ਕਬਜ਼। ਉਹ ਵੀ ਕਬਜ਼ ਦਾ ਦਾਇਮੀ ਮਰੀਜ਼ ਸੀ ਅਤੇ ਮੈਂ ਵੀ। ਅਸੀਂ ਇਕੱਠੇ ਜੰਗਲ-ਪਾਣੀ ਜਾਂਦੇ। ਜਿਸ ਦਿਨ ਮੋਰਚਾ ਫਤਹਿ ਹੋ ਜਾਂਦਾ, ਸਾਡੇ ਚਿਹਰਿਆਂ 'ਤੇ ਨੂਰ ਖੇਡਣ ਲੱਗਦਾ। ਲਾਟੂ ਜਗਣ ਲੱਗਦੇ। ਜ਼ਿੰਦਗੀ ਗੁਲਾਬ ਵਾਂਗ ਟਹਿਕ ਜਾਂਦੀ। ਜਿਸ ਦਿਨ ਟੈਂ-ਟੈਂ ਫਿਸ਼ ਹੋ ਜਾਣੀ, ਉਸ ਦਿਨ ਅਸੀਂ ਮੁਰਦਿਆਂ ਹਾਰ ਤੁਰਦੇ ਆਉਣਾ। ਦਿਲ ਨੂੰ ਢਿਲਕੂੰ ਢਿਲਕੂੰ ਕਰ ਕੇ ਤੁਰਨਾ। ਉਹ ਮੇਰੇ ਲਈ ਹਕੀਮ ਟੇਕੂ ਰਾਮ ਦੀਆਂ ਫੱਕੀਆਂ ਲਿਆਉਂਦਾ। ਮੈਂ ਉਹਦੇ ਲਈ ਪੀਚੂ ਮੱਲ ਹਕੀਮ ਤੋਂ ਦੁਸ਼ਾਂਦਾ ਲਿਆਉਂਦਾ। ਅਸੀਂ ਦੋਵੇਂ ਸਾਰੀ ਉਮਰ ਕਬਜ਼ੇ ਨਾਲ ਘੁਲਦੇ ਰਹੇ, ਦੇਖ ਲਓ ਸਾਡਾ ਯਾਰ ਫੋਕੀ ਰਾਮ ਕਬਜ਼ ਨਾਲ ਲੜਦਾ ਹੀ ਤੁਰ ਗਿਆ। ਓਏ ਫੋਕੀ ਰਾਮਾ, ਤੇਰੇ ਇਸ ਯਾਰ ਨੂੰ ਹਕੀਮ ਦੀਆਂ ਫੱਕੀਆਂ ਕੌਣ ਲਿਆ ਕੇ ਦਊ। ਨਵੇਂ-ਨਵੇਂ ਨੁਸਖੇ ਕੌਣ ਦੱਸੂ। ਕਬਜ਼ ਦੀ ਇਸ ਕੁਲਹਿਣੀ ਲੜਾਈ ਵਿੱਚ ਸਾਥ ਕੌਣ ਦਊ? ਤੂੰ ਤਾਂ ਯਾਰਾ ਲੜ ਛੁਡਾ ਕੇ ਤੁਰ ਗਿਐ। ਮੈਂ 'ਕੱਲਾ ਇਹ ਲੰਬੀ ਲੜਾਈ ਕਿਵੇਂ ਲੜੂੰ? ਫੋਕੀ ਰਾਮ ਸਾਡਾ ਯਾਰ ਸਾਧਾਰਨ ਮੌਤ ਨਹੀਂ ਮਰਿਆ। ਉਹ ਬਹਾਦਰਾਂ ਦੀ ਮੌਤ ਮਰਿਐ। ਉਹ ਸ਼ਹੀਦ ਹੋਇਐ। ਉਸ ਨੂੰ 'ਕਬਜ਼-ਸ਼ਹੀਦ' ਦੀ ਪਦਵੀ ਦੇਣੀ ਚਾਹੀਦੀ ਹੈ। ਇਹੋ ਜਿਹਾ ਪੱਕਾ ਤੇ ਲੰਬਾ ਸਾਥ, ਇਸ ਮਤਲਬੀ ਦੁਨੀਆ ਵਿੱਚ ਕੌਣ ਦੇ ਸਕਦੈ? ਹੋਰ ਸਾਥੀਆਂ ਨੇ ਵੀ ਬੋਲਣੈ। ਮੈਂ ਆਪਣੇ ਮਿੱਤਰ ਨੂੰ ਸੱਚੇ ਦਿਲੋਂ, ਹਾਲਾਂਕਿ ਅੱਜਕੱਲ੍ਹ ਸੱਚਾ-ਸੁੱਚਾ ਦਿਲ ਲੱਭਣਾ ਬੜਾ ਔਖਾ ਹੈ, ਸ਼ਰਧਾਂਜਲੀ ਦਿੰਦਾ।'' ਦੁਖੀ ਮਲ ਦੁਖੀ ਦੇ ਭਾਵੁਕ ਤੇ ਰੋਣਹਾਕੇ ਭਾਸ਼ਣ ਨਾਲ ਸਮਾਗਮ ਦਾ ਮਾਹੌਲ ਬਹੁਤ ਗੰਭੀਰ ਹੋ ਗਿਆ। ਲੋਕਾਂ ਦੀਆਂ ਅੱਖਾਂ ਸੇਜਲ ਹੋ ਗਈਆਂ ਸਨ। ਤੀਵੀਆਂ ਵਾਲੇ ਪਾਸਿਓਂ ਤਾਂ ਹਉਕਿਆਂ ਤੇ ਸਿਸਕੀਆਂ ਦੀਆਂ ਆਵਾਜ਼ਾਂ ਵੀ ਸੁਣਾਈ ਦੇਣ ਲੱਗ ਪਈਆਂ ਸਨ।

ਫੇਰ ਕਾਟੀ ਮੱਲ ਕਾਟੀ ਬੋਲਿਆ : ''ਫੋਕੀ ਰਾਮ, ਸਾਡਾ ਯਾਰ, ਅੱਜ ਦੇ ਜ਼ਮਾਨੇ ਵਿੱਚ ਪੈਸੇ ਦੀ ਕਦਰ ਜਾਣਦਾ ਸੀ। ਉਹ ਕਿਹਾ ਕਰਦਾ ਸੀ, ਭਾਈ ਕਾਟੀ, ਪੈਸਾ ਉਹੋ ਹੈ, ਜੋ ਆਪਣੀ ਜੇਬ 'ਚ ਹੋਵੇ। ਫਾਥੀਆਂ ਨੂੰ ਛੱਡ ਕੇ ਉਡਦੀਆਂ ਮਗਰ ਭੱਜਣ ਵਾਲੇ ਲੋਕ ਮਹਾਂ ਬੇਵਕੂਫ ਹੁੰਦੇ ਹਨ। ਧਿਆਨ ਨਾਲ ਨਹੀਂ ਚੱਲੋਗੇ ਤਾਂ ਤੁਹਾਡੀ ਜੇਬ ਅੱਜ ਵੀ ਫਟੀ, ਕੱਲ ਵੀ ਫਟੀ। ਉਸ ਨੇ ਆਖਰੀ ਸਾਹਾਂ ਤੱਕ ਇਸ ਗੱਲ 'ਤੇ ਅਮਲ ਕੀਤਾ। ਮੇਰੇ ਇੱਕ ਯਾਰ ਨੇ ਫੋਕੀ ਰਾਮ ਦੀ ਕਬਜ਼ ਦਾ ਜ਼ਿਕਰ ਕੀਤਾ। ਪੈਸਾ ਖਰਚਣ ਦੇ ਮਾਮਲੇ 'ਚ ਵੀ ਉਸ ਨੂੰ ਕਬਜ਼ ਰਹਿੰਦੀ ਸੀ। ਆਹ ਉਹਦੇ ਮੁੰਡਿਆਂ ਨੇ ਉਹਦਾ ਬਬਾਨ ਕੱਢਿਐ। ਪੈਸਾ ਪਾਣੀ ਵਾਂਗ ਰੋੜ੍ਹਿਐ। ਪੈਸੇ ਇਹ ਖਰਚਦੇ ਹੋਣੇ ਨੇ, ਆਤਮਾ ਉਹਦੀ ਵਿਲਕਦੀ ਹੋਣੀ ਐ। ਊਂ ਇੱਕ ਗੱਲ ਮੁੰਡਿਆਂ ਨੇ ਚੰਗੀ ਕੀਤੀ ਐ। ਬੰਨ੍ਹ ਮਾਰ ਕੇ ਰੱਖਣ ਨਾਲ ਤਾਂ ਪਾਣੀ 'ਚੋਂ ਵੀ ਮੁਸ਼ਕ ਆਉਣ ਲੱਗਦੀ ਐ। ਪੈਸੇ ਨੂੰ ਬੰਨ੍ਹ ਮਾਰਨ ਨਾਲ ਬੰਦੇ 'ਚੋਂ ਵੀ ਮੁਸ਼ਕ ਆਉਂਦੀ ਐ। ਪੈਸੇ ਨੂੰ ਬੰਨ੍ਹ ਮਾਰ ਕੇ ਰੱਖਣ ਵਾਲਾ ਬੰਦਾ ਤਾਂ ਬੰਦਾ ਈ ਨੀਂ ਰਹਿੰਦਾ, ਕੁਝ ਹੋਰ ਈ ਹੋ ਜਾਂਦਾ।''

ਇਕੱਠੇ ਹੋਏ ਲੋਕਾਂ ਨੂੰ ਪਤਾ ਨਹੀਂ ਸੀ ਲੱਗ ਰਿਹਾ ਕਿ ਕਾਟੀ ਮੱਲ ਆਪਣੇ ਮਿੱਤਰ ਦੀ ਉਸਤਤਿ ਕਰ ਰਿਹਾ ਸੀ ਜਾਂ ਬਦਖੋਹੀ। ਉਹਦੇ ਮੁੰਡਿਆਂ ਇਸ ਨੂੰ ਆਪਣੀ ਉਸਤਤਿ ਤੇ ਪ੍ਰਸ਼ੰਸਾ ਸਮਝ ਕੇ ਸਬਰ ਕਰ ਲਿਆ। ਫੋਕੀ ਰਾਮ ਦਾ ਇੱਕ ਹੋਰ ਮਿੱਤਰ ਵੀ ਮੁੱਠੀਆਂ 'ਚ ਬੁੱਕੀ ਜਾਂਦਾ ਸੀ। ਪਲਾਕੀ ਜਿਹੀ ਮਾਰ ਕੇ ਮਾਈਕ 'ਤੇ ਆ ਖਲੋਤਾ। ਹੱਸਦਿਆਂ-ਹੱਸਦਿਆਂ ਕਹਿਣ ਲੱਗਾ, ''ਫੋਕੀ ਰਾਮ ਸਾਡਾ ਤਾਸ਼ ਦਾ ਜੋਟੀਦਾਰ ਸੀ। ਅਸੀਂ ਚਾਹ ਦੀ ਸ਼ਰਤ ਲਾ ਕੇ ਸੀਪ ਖੇਡਦੇ। ਖੇਡ 'ਚ ਉਹ ਮੇਰਾ ਪੱਕਾ ਸਾਥੀ ਸੀ। ਅਸੀਂ ਹਮੇਸ਼ਾ ਜਿੱਤਦੇ। ਜਿੱਤਣਾ ਹੀ ਸੀ। ਇਸ਼ਾਰਿਆਂ ਨਾਲ ਆਪਣੇ ਬੇਗੀਆਂ, ਬਾਦਸ਼ਾਹਾਂ ਬਾਰੇ ਦੱਸ ਦਿੰਦੇ ਸੀ। ਅਸੀਂ ਆਪਣੇ ਵਿਰੋਧੀਆਂ ਦੇ ਬੜੇ ਬੇਗੀਆਂ-ਬਾਦਸ਼ਾਹ ਘੇਰ-ਘੇਰ ਕੁੱਟੇ। ਅਸੀਂ ਪਿਛਲੇ ਚਾਲੀ ਸਾਲ ਕਦੀ ਚਾਹ 'ਤੇ ਦੁੱਕੀ ਖਰਚ ਨਹੀਂ ਕੀਤੀ। ਲੋਕਾਂ ਦੇ ਸਿਰੋਂ ਮੁਫਤ ਦੀ ਚਾਹ ਪੀਤੀ। ਮੌਤ ਮੇਰੇ ਤੋਂ ਮੇਰਾ ਪੱਕਾ ਜੋਟੀਦਾਰ ਖੋਹ ਕੇ ਲੈ ਗਈ। ਇਹੋ ਜਿਹਾ ਸਮਝਦਾਰ ਹੋਰ ਸਾਥੀ ਲੱਭਣਾ ਇਸ ਮੂਰਖ ਜ਼ਮਾਨੇ 'ਚ ਬਹੁਤ ਮੁਸ਼ਕਲ ਐ। ਮੈਂ ਤਾਸ਼ ਤੋਂ ਸੰਨਿਆਸ ਲੈਣ ਦਾ ਸੋਚ ਲਿਐ। ਹਾਰਨ ਨਾਲੋਂ ਸੰਨਿਆਸ ਲੈਣਾ ਹੀ ਬਿਹਤਰ ਹੈ। ਫੋਕੀ ਰਾਮ ਜਿਹਾ ਖਿਡਾਰੀ ਰੋਜ਼-ਰੋਜ਼ ਪੈਦਾ ਨਹੀਂ ਹੁੰਦਾ। ਹਜ਼ਾਰੋਂ ਸਾਲ ਨਰਗਿਸ ਆਪਣੀ ਬੇਨੂਰੀ ਪੇ ਰੋਤੀ ਹੈ, ਤਬੀ ਹੋਤਾ ਹੈ ਕੋਈ ਦੀਦਾਵਰ ਪੈਦਾ। ਮਿੱਤਰ ਨੇ ਸ਼ਿਅਰ ਬੋਲ ਕੇ ਹਾਜ਼ਰਾ ਲੋਕਾਂ 'ਤੇ ਨਜ਼ਰ ਸੁੱਟੀ। ਲੱਗਦਾ ਸੀ ਉਸਦੇ ਸ਼ਿਅਰ ਦਾ ਜਨਤਾ 'ਤੇ ਬਹੁਤ ਡੂੰਘਾ ਅਸਰ ਹੋਇਆ ਸੀ।''

ਸ਼ਰਧਾਂਜਲੀ ਦੇਣ ਵਾਲੇ ਹੋਰ ਵੀ ਸਨ। ਫੋਕੀ ਰਾਮ ਵਿੱਚ ਗੁਣ ਏਨੇ ਸਨ ਕਿ ਇੱਕ ਸਮਾਰੋਹ ਵਿੱਚ ਗਿਣਾਏ ਨਹੀਂ ਸੀ ਜਾ ਸਕਦੇ। ਬੋਲਣ ਵਾਲੇ ਹੋਰ ਵੀ ਸਨ, ਪਰ ਆਈ ਹੋਈ ਜਨਤਾ ਕਾਹਲੀ ਪੈਣ ਲੱਗ ਪਈ ਸੀ। ਕਈ ਤਾਂ ਹੱਥ ਜੋੜ ਕੇ ਉਠਣ ਵੀ ਲੱਗ ਗਏ। ਪਿੱਛਓਂ ਇਹ ਆਵਾਜ਼ਾਂ ਆਉਣ ਲੱਗ ਪਈਆਂ ਸਨ, ''ਫੋਕੀ ਰਾਮ ਨਾ ਹੋ ਗਿਆ ਜੁਆਹਰ ਲਾਲ ਹੋ ਗਿਆ। ਕਿਵੇਂ ਟਪੂਸੀਆਂ ਮਾਰ-ਮਾਰ ਸ਼ਰਧਾਂਜਲੀਆਂ ਦੇਣ ਡਹੇ ਐ। ਝੂਠੇ ਕਿਸੇ ਥਾਂ ਦੇ।'' ਭੱਜ ਭਜਾਈ ਵੇਲੇ ਪੰਡਿਤ ਜੀ ਦੀ ਵੀ ਆਵਾਜ਼ ਸੁਣਾਈ ਦੇਣ ਲੱਗੀ, ''ਮਿੱਤਰ-ਸੱਜਣ ਆਏ ਐ, ਸ਼ਗਨ ਵਗੈਰਾ ਦੇ ਕੇ ਜਾਣ। ਪੁੰਨ ਦਾ ਕੰਮ ਐ।'' ਸ਼ਗਨ ਸ਼ਬਦ ਸੁਣਦਿਆਂ ਹੀ ਰਹਿੰਦੇ ਖੂੰਹਦੇ ਮਿੱਤਰ-ਸੱਜਣ ਵੀ ਸ਼ੂਟਾਂ ਵੱਟ ਗਏ ਸਨ।

# ਹਲਕਾ ਫੁਲਕਾ

ਇੱਕ ਸਾਈਕਲ ਵਾਲੇ ਨੇ ਪੱਪੂ ਨੂੰ ਟੱਕਰ ਮਾਰ ਦਿੱਤੀ। ਸਾਈਕਲ ਵਾਲਾ ਬੋਲਿਆ, ''ਭਾਈ ਸਾਹਿਬ, ਤੁਸੀਂ ਬਹੁਤ ਕਿਸਮਤ ਵਾਲੇ ਹੋ।''

ਪੱਪੂ, ''ਇੱਕ ਤਾਂ ਤੂੰ ਮੈਨੂੰ ਟੱਕਰ ਮਾਰੀ ਅਤੇ ਫਿਰ ਕਹਿੰਦਾ ਏਂ ਕਿ ਮੈਂ ਕਿਸਮਤ ਵਾਲਾ ਹਾਂ?''

ਸਾਈਕਲ ਵਾਲਾ, ''...ਕਿਉਂਕਿ ਅੱਜ ਛੁੱਟੀ ਹੈ ਤਾਂ ਸਾਈਕਲ ਚਲਾ ਰਿਹਾ ਹਾਂ, ਉਂਝ ਮੈਂ ਟਰੱਕ ਚਲਾਉਂਦਾ ਹਾਂ।''

*********

ਸ਼ੇਖਰ, ''ਯਾਰ, ਉਠ ਭੂਚਾਲ ਆ ਰਿਹਾ ਹੈ। ਸਾਰਾ ਘਰ ਹਿਲ ਰਿਹਾ ਹੈ।''

ਸੋਨੂੰ, ''ਸੌਂ ਜਾ-ਸੌਂ ਜਾ, ਘਰ ਡਿੱਗੇਗਾ ਤਾਂ ਮਕਾਨ ਮਾਲਕ ਦਾ। ਆਪਾਂ ਕਿਰ-ਏਦਾਰ ਹਾਂ।''

*********

ਰਾਮੂ (ਰਾਜੂ ਨੂੰ), ''ਕੱਲ੍ਹ ਮੇਰੀ ਪਤਨੀ ਦੀ ਅੱਖ ਵਿੱਚ ਕੱਖ ਪੈ ਗਿਆ। ਮੈਂ ਡਾਕਟਰ ਕੋਲ ਲੈ ਗਿਆ ਤਾਂ ਉਸ ਨੇ ਮੇਰੇ ਕੋਲੋਂ 20 ਰੁਪਏ ਠੱਗ ਲਏ।''

ਰਾਜੂ, ''ਤੂੰ ਸਸਤੇ ਵਿੱਚ ਛੁੱਟ ਗਿਆ। ਮੇਰੀ ਪਤਨੀ ਦੀ ਅੱਖ ਵਿੱਚ ਇੱਕ ਸਾੜ੍ਹੀ ਗੱਡੀ ਗਈ ਸੀ, ਜਿਸ ਕਾਰਨ ਮੈਨੂੰ 500 ਰੁਪਏ ਦਾ ਚੂਨਾ ਲੱਗ ਗਿਆ।''

********

ਮਾਂ, ''ਬੇਟਾ, ਦਾਦੀ ਨੂੰ ਜਨਮ ਦਿਨ 'ਤੇ ਕੀ ਤੋਹਫਾ ਦੇਵੇਂਗਾ?''

ਬੇਟਾ, ''ਮੈਂ ਦਾਦੀ ਨੂੰ ਫੁੱਟਬਾਲ ਦੇਵਾਂਗਾ।''

ਮਾਂ, ''ਓ ਬੇਟਾ, ਦਾਦੀ ਇਸ ਉਮਰ ਵਿੱਚ ਫੁੱਟਬਾਲ ਦਾ ਕੀ ਕਰੇਗੀ?''

ਬੇਟਾ, ''ਉਨ੍ਹਾਂ ਨੇ ਵੀ ਮੇਰੇ ਜਨਮ ਦਿਨ 'ਤੇ ਮੈਨੂੰ ਭਗਵਦ ਕੀਤਾ ਦਿੱਤੀ ਸੀ।''

********

ਪਤਨੀ ਤੋਂ ਪ੍ਰੇਸ਼ਾਨ ਪਤੀ ਇੱਕ ਦਿਨ ਪੰਡਿਤ ਕੋਲ ਪਹੁੰਚਿਆ ਅਤੇ ਬੋਲਿਆ, ''ਪੰਡਿਤ ਜੀ, ਇੱਕ ਗੱਲ ਦੱਸੋ। ਇਹ ਜਨਮ-ਜਨਮ ਦੇ ਸਾਥ ਵਾਲੀ ਗੱਲ ਕੀ ਸੱਚ ਹੈ?''

ਪੰਡਿਤ, ''ਸੌ ਫੀਸਦੀ ਸੱਚ।''

ਪਤੀ, ''ਮਤਲਬ ਮੈਨੂੰ ਅਗਲੇ ਜਨਮ ਵਿੱਚ ਵੀ ਇਹੋ ਪਤਨੀ ਮਿਲੇਗੀ।''

ਪੰਡਿਤ, ''ਬਿਲਕੁਲ।''

ਪਤੀ, ''ਹਾਏ ਰੱਬਾ! ਫਿਰ ਤਾਂ ਖੁਦਕੁਸ਼ੀ ਕਰਨ ਦਾ ਵੀ ਕੋਈ ਫਾਇਦਾ ਨਹੀਂ?''

********

ਪਤੀ-ਪਤਨੀ ਇੱਕ ਹੀ ਪਲੇਟ 'ਚ ਗੋਲ-ਗੱਪੇ ਖਾ ਰਹੇ ਸਨ, ਇੱਕ ਦੂਜੇ ਦੀਆਂ ਅੱਖਾਂ 'ਚ ਅੱਖਾਂ ਮਿਲਾ ਕੇ।

ਪਤਨੀ ਨੇ ਰੋਮਾਂਟਿਕ ਹੋ ਕੇ ਪੁੱਛਿਆ, ''ਅਜਿਹਾ ਕੀ ਦੇਖ ਰਹੇ ਹੋ ਜੀ?''

ਪਤੀ, ''ਥੋੜ੍ਹਾ ਆਰਾਮ ਨਾਲ ਖਾਹ, ਮੇਰੀ ਵਾਰੀ ਹੀ ਨਹੀਂ ਆ ਰਹੀ।''

*********

ਸਵੇਰੇ ਸਵੇਰੇ ਫੇਰੀ ਵਾਲਾ ਆਵਾਜ਼ ਲਾ ਰਿਹਾ ਸੀ, ''ਚਾਕੂ-ਛੁਰੀਆਂ ਤੇਜ਼ ਕਰਵਾ ਲਓ, ਚਾਕੂ-ਛੁਰੀਆਂ ਤੇਜ਼ ਕਰਵਾ ਲਓ।''

ਇੱਕ ਔਰਤ, ''ਭਾਈ, ਕੀ ਅਕਲ ਵੀ ਤੇਜ਼ ਕਰਦਾ ਏਂ?''

ਫੇਰੀ ਵਾਲਾ, ''ਹਾਂ ਭੈਣ ਜੀ, ਅਕਲ ਹੋਵੇ ਤਾਂ ਲੈ ਆਓ।''





# ਜ਼ਰੂਰ ਜਾਣੋ; ਗਿਆਨ ਗੰਗਾ

॥ ਜੀਵ ਹਮਾਰੀ ਜਾਤੀ ਹੈ, ਮਾਨਵ ਧਰਮ ਹਮਾਰਾ । ਹਿੰਦੂ, ਮੁਸਲਿਮ, ਸਿੱਖ, ਇਸਾਈ, ਧਰਮ ਨਹੀਂ ਕੋਈ ਨਿਆਰਾ ॥



- ਬ੍ਰਹਮਾ, ਵਿਸ਼ਨੂੰ, ਮਹੇਸ਼ ਦੇ ਮਾਤਾ-ਪਿਤਾ ਕੌਣ ਹਨ ?
- ਸ਼ੇਰਾਂਵਾਲੀ ਮਾਤਾ (ਦੁਰਗਾ ਅਸ਼ਟਾਂਗੀ) ਦਾ ਪਤੀ ਕੌਣ ਹੈ ?
- ਸਾਨੂੰ ਜਨਮ ਦੇਣ ਤੇ ਮਾਰਣ ਵਿੱਚ ਕਿਸ ਪ੍ਰਭੂ ਦਾ ਸਵਾਰਥ ਹੈ ?
- ਅਸੀਂ ਸਾਰੇ ਦੇਵੀ-ਦੇਵਤਿਆਂ ਦੀ ਇੰਨੀ ਭਗਤੀ ਕਰਦੇ ਹਾਂ, ਫਿਰ ਵੀ ਦੁੱਖੀ ਕਿਉਂ ਹਾਂ ?
- ਬ੍ਰਹਮਾਂ, ਵਿਸ਼ਨੂੰ, ਮਹੇਸ਼ ਕਿਸਦੀ ਭਗਤੀ ਕਰਦੇ ਹਨ ?
- ਪੂਰਨ ਸੰਤ ਦੀ ਪਹਿਚਾਣ ਕੀ ਹੈ ? 'ਤੇ ਮੋਕਸ਼ ਕਿਵੇਂ ਮਿਲੇਗਾ ?
- ਪਰਮਾਤਮਾ ਸਾਕਾਰ ਹੈ ਜਾਂ ਨਿਰਾਕਾਰ ?
- ਕਿਸੀ ਵੀ ਗੁਰੂ ਦੀ ਸ਼ਰਨ ਵਿੱਚ ਜਾਣ ਨਾਲ ਮੁਕਤੀ ਸੰਭਵ ਹੈ ਜਾਂ ਨਹੀਂ ?
- ਤੀਰਥ, ਵਰਤ, ਤਰਪਣ ਅਤੇ ਸ਼ਰਾਧ ਨਿਕਾਲਣ ਨਾਲ ਕੋਈ ਲਾਭ ਹੈ ਜਾਂ ਨਹੀਂ (ਗੀਤਾ ਅਨੁਸਾਰ) ?
- ਸ਼੍ਰੀ ਕ੍ਰਿਸ਼ਨ ਜੀ ਕਾਲ ਨਹੀਂ ਹਨ । ਫਿਰ ਗੀਤਾ ਵਾਲਾ ਕਾਲ ਕੌਣ ਹੈ ?
- ਕੌਣ ਅਤੇ ਕਿਵੇਂ ਹੈ ? ਕਿੱਥੇ ਰਹਿੰਦਾ ਹੈ ? ਕਿਵੇਂ ਮਿਲਦਾ ਹੈ ? ਕਿਸ ਨੇ ਦੇਖਿਆ ਹੈ ਪੂਰਨ ਪਰਮਾਤਮਾ ?
- ਸਮਾਧੀ ਅਭਿਆਸ (Meditation) ਰਾਮ, ਹਰੇ ਕ੍ਰਿਸ਼ਣ, ਹਰੀ ਓਮ, ਹੰਸ, ਤਿੰਨ ਤੇ ਪੰਜ ਨਾਮਾਂ ਅਤੇ ਵਾਹਿਗੁਰੂ ਆਦਿ-2 ਨਾਮਾਂ ਦੇ ਜਾਪ ਤੋਂ ਸੁੱਖ ਅਤੇ ਮੁਕਤੀ ਸੰਭਵ ਹੈ ਜਾਂ ਨਹੀਂ?

ਇਨ੍ਹਾਂ ਸਾਰੇ ਪ੍ਰਸ਼ਨਾਂ ਦੇ ਉੱਤਰ ਜਾਣਨ ਲਈ ਕ੍ਰਿਪਾ ਕਰਕੇ ਪੜ੍ਹੋ ਪੁਸਤਕ ਗਿਆਨ ਗੰਗਾ ਜਾਂ ਡਾਊਨਲੋਡ ਕਰੋ: www.jagatgururampalji.org

IPTV ਦੁਆਰਾ ਸਤਸੰਗ ਦੇਖੋ

ਵਾਣੀ ਟੀਵੀ ਤੇ ਸਵੇਰੇ 11:00 - 12:00 ਵਜੇ ਤੱਕ
ਐਮ ਐਚ ਵਨ ਸ਼ਰਧਾ ਤੇ ਸਵੇਰੇ 3:30 - 4:30 ਵਜੇ ਤੱਕ
ਗਲੋਬਲ ਸਾਂਝ ਟੀ-ਵੀ ਤੇ ਸਵੇਰੇ 7:00 - 8:00 ਵਜੇ ਤੱਕ
ਸਾਧਣਾ ਟੀਵੀ ਤੇ ਸਵੇਰੇ 9:00 - 10:00 ਵਜੇ ਤੱਕ
ਹਰਿਆਣਾ ਨਿਊਜ ਤੇ ਸ਼ਾਮ 7:30 - 8:30 ਵਜੇ ਤੱਕ
ਈਸ਼ਵਰ ਟੀਵੀ ਤੇ ਸਵੇਰੇ 10:00 - 11:00 ਵਜੇ ਤੱਕ
ਗਲੋਬਲ ਸਾਂਝ ਟੀ-ਵੀ ਤੇ ਸ਼ਾਮ 7:00 - 8:00 ਵਜੇ ਤੱਕ

ਗਿਆਨ ਗੰਗਾ ਪੁਸਤਕ ਦੇ ਆਰਡਰ ਜਾਂ ਸਤਸੰਗ ਦੀ ਜਾਣਕਾਰੀ ਲਈ ਸੰਪਰਕ ਕਰੋ:

satlokashramcanada@gmail.com | 647-739-4641
satsahibusa@gmail.com | 346-714-0224



# GREAT OPPOURTUNITY TO INVEST IN NIAGRA FALLS



- Freehold Traditional 2-Storey townhouse
- 3 Bedroom + 2 Bedroom finished basement
- Deposit less than 10% in 5 months

Starting from low 400,000

✓ Freehold ✓ 25x100ft lot
✓ Individual Yard & Driveway ✓ Finished Basement

40k Deposit Structure
$10,000 Submitted with offer
$10,000 Submitted 90 days after Offer Date
$20,000 Submitted 150 days after Offer Date

Residential | Commercial | Investment

Jagdish Grewal
Sales Representative
(416) 970-5005



Century 21 President Realty Inc Brokerage
www.vipcondonetwork.com
27 Armthorpe Rd Brampton #3,
ON L6T 5M4 | Fax : 905-488-2101
Office: 905-488-2100
Ext. 348

# ਸਮੱਸਿਆਵਾਂ-ਪ੍ਰੇਸ਼ਾਨੀਆਂ ਤੇ ਮੁਸੀਬਤਾਂ ਦਾ ਹੀ ਤਾਂ ਦੂਜਾ ਨਾਂ ਹੈ ਜ਼ਿੰਦਗੀ

ਸੁਰਜੀਤ ਸਿੰਘ ਫਲੋਰਾ



ਸਮੱਸਿਆਵਾਂ -ਪ੍ਰੇਸ਼ਾਨੀਆਂ ਤੇ ਮੁਸੀਬਤਾਂ ਦਾ ਪਹਾੜ ਸਿੱਰ ਤੇ ਆ ਡਿਗਣ ਦਾ ਦੂਜਾ ਨਾਂ ਹੀ ਤਾਂ ਹੈ ਜਿੰਦਗੀ। ਫਿਰ ਗੁਰੂ ਸਾਹਿਬ ਨੇ ਵੀ ਕਿਹਾ ਹੈ ਕਿ:

ਨਾਨਕ ਦੁਖੀਆ ਸਭੁ ਸੰਸਾਰੁ॥

ਦੁੱਖਾਂ ਤਕਲੀਫਾਂ -ਮੁਸੀਬਤਾਂ ਤੋਂ ਬਿਨਾਂ ਜੀਵਨ ਬਿਲਕੁਲ ਉਸੇ ਤਰ੍ਹਾਂ ਹੀ ਹੁੰਦਾ ਹੈ ਜਿਵੇਂ ਵਿਰੋਧੀ ਟੀਮ ਦੇ ਬਿਨਾਂ ਕੋਈ ਮੈਚ! ਤੁਸੀਂ ਵਿਰੋਧੀ ਟੀਮ ਤੋਂ ਬਿੰਨਾਂ ਤਾਂ ਅਭਿਆਸ ਤੱਕ ਵੀ ਨਹੀਂ ਕਰ ਸਕਦੇ।ਇਸੇ ਤਰਾਂ ਸਮੱਸਿਆਵਾਂ ਵੀ ਜੀਵਨ ਦਾ ਇੱਕ ਅਟੁੱਟ ਹਿਸਾ ਹਨ। ਮੰਨ ਲਓ ਕਿ ਤੁਸੀਂ ਇਕ ਮਹਾਨ ਵਿਰੋਧੀ ਟੀਮ ਦੇ ਵਿਰੋਦ ਵਿਚ ਖੇਡਣ ਦਾ ਮੌਕਾ ਪ੍ਰਾਪਤ ਕਰ ਰਹੇ ਹੋ, ਜੋ ਤੂਹਾਨੂੰ ਜਿੰਦਗੀ ਵਿਚ ਵੱਡੀ ਤੋਂ ਵੱਡੀ ਟੱਕਰ ਦੇ ਕੇ ਮਜਬੂਤ ਬਣਾ ਰਹੇ ਹਨ।?ਜਦੋਂ ਵਿਰੋਧੀ ਟੀਮ ਭਾਰੀ ਪੈਂਦੀ ਹੈ ਤਾਂ ਤੁਸੀਂ ਆਪਣਾ ਪੂਰਾ ਜ਼ੋਰ ਲਗਾ ਕੇ ਉਸ ਤੇ ਭਾਰੀ ਪੈ ਜਾਂਦੇ ਹੋ ਅਤੇ ਅਜਿਹੀਆਂ ਹਾਲਤਾਂ ਵਿੱਚ ਤੁਸੀਂ ਆਪਣੇ ਸਾਰੇ ਸਰੋਤਾਂ ਦੀ ਸਭ ਤੋਂ ਵਧੀਆ ਵਰਤੋਂ ਕਰਦੇ ਹੋ ਅਤੇ ਆਪਣੀ ਸਭ ਸਮਰੱਥਾ ਦੀਆਂ ਸ਼ਕਤੀਆਂ ਨੂੰ ਸਾਹਮਣੇ ਲਿਆਉਂਦਿਆਂ ਆਪਣੀ ਸਭ ਤੋਂ ਵਧੀਆ ਸਮਰਥਾ ਨਾਲ ਇਸ ਖੇਡ ਨੂੰ ਜਿੱਤ ਵੱਲ ਲੈ ਕੇ ਜਾਂਦੇ ਹੋ।

ਜ਼ਿੰਦਗੀ ਦੇ ਦੁਖ ਤਕਲੀਫ਼ ਵੀ ਬਿਲਕੁਲ ਇਸੇ ਤਰ੍ਹਾਂ ਹਨ ਜੋ ਝੱਲ - ਝੱਲ ਕੇ ਮੁਸੀਬਤਾਂ ਦਾ ਸਾਹਮਣਾ ਕਰਕੇ ਜਿੰਦਗੀ ਬਹੁਤ ਕੁਝ ਸਿੱਖਾਂ ਹੀ ਨਹੀਂ ਬੱਲਕੇ ਬਹੁਤ ਮਜਬੂਤ ਹੋ ਜਾਂਦੀ ਹੈ। ਜੋ ਲੋਕਾਂ ਦੇ ਤਾਹਨੇ ਮਿਹਣੇ ਸਹਿਣਯੋਗ ਹੋ ਜਾਂਦੀ ਹੈ। ਇਥੇ ਹੀ ਨਹੀਂ ਤੁਸੀਂ ਇਹਨਾਂ ਸਭ ਤਾਹਨੇ ਮਿਹਣਿਆਂ , ਮੁਸੀਬਤਾਂ ਤੋਂ ਉਪਰ ਉਠ ਕੇ ਆਪਣੀ ਜਿੰਦਗੀ ਦਾ ਲੁਤਫ ਲੈਣ ਤੱਕ ਦਾ ਮਾਰਗ ਲੱਭ ਲੈਂਦੇ ਹੋ।

ਜਦੋਂ ਤੁਸੀਂ ਜੀਵਨ ਵਿੱਚ ਸਮੱਸਿਆਵਾਂ ਦਾ ਸਾਹਮਣਾ ਕਰਦੇ ਹੋ, ਤਾਂ ਸਭ ਤੋਂ ਪਹਿਲਾਂ ਉਨ੍ਹਾਂ ਨੂੰ ਸਵੀਕਾਰ ਕਰੋ ਅਤੇ ਉਹਨਾਂ ਨੂੰ ਉਸ ਮੌਕੇ ਦੇ ਰੂਪ ਵਿੱਚ ਦੇਖੋ, ਜੋ ਤੁਹਾਡੇ ਵਿਚ ਛੁਪਿਆਂ ਤਾਕਤਾਂ ਨੂੰ ਸਾਹਮਣੇ ਲਿਆਉਂਦੀਆਂ ਹਨ। ਜੇ ਤੁਸੀਂ ਸਮੱਸਿਆ ਨੂੰ ਸਵੀਕਾਰ ਕਰਦੇ ਹੋ ਤਾਂ ਇਹਨਾਂ ਨੂੰ ਹੱਲ ਕਰਨ ਦੀ ਸ਼ਕਤੀ ਦਾ ਵੀ ਤੁਹਾਨੂੰ ਪਤਾ ਲੱਗੇਗਾ। ਤਿਆਰੀ ਬਿਲਕੁਲ ਤਰੀਕੇ ਨਾਲ ਕਰੋ ਜਿਵੇਂ ਕਿ ਤੁਸੀਂ ਕ੍ਰਿਕੇਟ ਮੈਚ ਵਿੱਚ ਕੋਈ ਵਿਰੋਧੀ ਟੀਮ ਦੇ ਨਾਲ ਮੁਕਾਬਲਾ ਕਰਨ ਲਈ ਕਰਦੇ ਹੋ।

ਆਪਣੇ ਆਪ ਸਭ ਤੋਂ ਪਹਿਲਾਂ ਉਹਨਾਂ ਸਮੱਸਿਆਵਾਂ ਨੂੰ ਸਵੀਕਾਰ ਕਰਨ ਲਈ ਤਿਆਰ ਰਹੋ ਜੋ ਤੁਹਾਡੇ ਅੰਦਰ ਨਹੀਂ ਹਨ।ਪਰ ਲੋਕ ਜਾਂ ਤੁਹਾਡੇ ਵਾਰੇ ਜੋ ਬੁਰਾ ਸੋਚਦੇ ਹਨ । ਉਹ ਤੁਹਾਡੇ ਰਸਤਿਆਂ ਵਿਚ ਕੰਡੇ ਖਿਲਾਰਦੇ ਹਨ । ਇਸ ਤਰ੍ਹਾਂ ਦੇ ਹਾਲਾਤਾਂ ਨੂੰ ਸਵੀਕਾਰ ਕਰੋ, ਜਿਹਨਾਂ ਨੂੰ ਤੁਸੀਂ ਨਜ਼ਰਅੰਦਾਜ਼ ਕਰਕੇ ਆਪਣੀ ਜਿੰਦਗੀ ਵਿਚ ਅੱਗੇ ਹੀ ਅੱਗੇ ਵੱਧਦੇ ਚੱਲੇ ਜਾ ਰਹੇ ਹੋ, ਕਿਉਂਕਿ ਬਹੁਤੇ ਲੋਕ ਇਥੇ ਹੀ ਮਾਰ ਖਾਂਦੇ ਹਨ ਜਦੋਂ ਉਹ ਦੂਜੇ ਲੋਕਾਂ ਦੀਆਂ ਗੱਲਾਂ ਜਾਂ ਤਾਹਨੇ ਮਿਹਨਿਆਂ ਵਿਚ ਦੱਬ ਕੇ ਰਹਿ ਜਾਂਦੇ ਹਨ ਉਹਨਾਂ ਦੀ ਜਿੰਦਗੀ ਉਥੇ ਹੀ ਅਟਕ ਜਾਂਦੀ ਹੈ।

ਇੱਕ ਸਮੱਸਿਆ ਤੁਹਾਨੂੰ ਵੱਖ ਵੱਖ ਤਰੀਕਿਆਂ ਨਾਲ ਪ੍ਰਭਾਵਿਤ ਕਰ ਸਕਦੀ ਹੈ, ਉਦਾਹਰਨ ਲਈ, ਜਦੋਂ ਕਿਸੇ ਵਿਅਕਤੀ ਦੀ ਨਜ਼ਰ ਘੱਟ ਹੋ ਜਾਂਦੀ ਹੈ ਅਤੇ ਉਸ ਨੂੰ ਲੱਗਦਾ ਹੈ ਕਿ ਉਹ ਛੇਤੀ ਹੀ ਅੰਨਾਂ ਹੋ ਜਾਵੇਗਾ ਤਾਂ ਇਹ ਖਬਰ ਉਸ ਨੂੰ ਦੋ ਢੰਗਾਂ ਨਾਲ ਪ੍ਰਭਾਵਿਤ ਕਰਦੀ ਹੈ। ਪਹਿਲਾਂ ਪੱਧਰ ਤੇ ਉਸ ਦੇ ਕਈ ਪ੍ਰਭਾਵਾਂ ਨੂੰ ਨਿਬੇੜਨ ਵਾਂਗ ਜਿਵੇਂ ਕਿ ਪੜਨਾ-ਲਿਖ਼ਣਾ, ਦੇਖ ਕੇ ਚੱਲਣਾ-ਫਿਰਨਾ, ਟੀ ਵੀ ਦੇਖਣਾ , ਕੰਮ ਆਦਿ, ਇਸ ਮਾਨਸਿਕ ਪ੍ਰਭਾਵ ਨਾਲ ਲੜਨ ਦੀ ਪ੍ਰਤਿਕਿਰਿਆ ਕਿਸੇ ਵਿਅਕਤੀ ਦੀ ਊਰਜਾ ਦਾ ਸਿਰਫ 25 ਪ੍ਰਤਿਸ਼ਤ ਹਿੱਸਾ ਅੰਨਾਂ ਹੋਣ ਦੇ ਖੌਫ਼ ਨਾਲ ਹੀ ਹੌਂਸਲਾ ਹਾਰਨ ਲੱਗ ਜਾਂਦਾ ਹੈ। ਬਾਕੀ 75 ਪ੍ਰਤੀਸ਼ਤ ਉਹ ਇਸੇ ਸੋਗ ਵਿਚ ਸੋਚਾ ਸੋਚਾ ਵਿਚ ਗੁਜਾਰ ਲੈਂਦੇ ਹਨ ਤੇ ਆਪਣਾ ਹੀ ਖਾਤਮਾ ਕਰ ਲੈਂਦੇ ਹਨ।

ਹਰ ਵਿਅਕਤੀ ਦੀ ਜ਼ਿੰਦਗੀ ਵਿੱਚ ਕਦੇ ਨਾ ਕਦੇ, ਕੋਈ ਨਾ ਕੋਈ ਸਮੱਸਿਆ ਤਾਂ ਜਰੂਰ ਆਉਂਦੀ ਹੈ ।ਜਿੰਨਾ ਜ਼ਿਆਦਾ ਤੁਸੀਂ ਇਸ ਬਾਰੇ ਗੱਲ ਕਰੋਗੇ,ਇਸ ਵਾਰੇ ਸੋਚੋਗੇ, ਉਨਾਂ ਹੀ ਉਹ ਜ਼ਿਆਦਾ ਤੁਹਾਡੀਆਂ ਭਾਵਨਾਵਾਂ ਨੂੰ ਪ੍ਰਭਾਵਤ ਕਰੇਗੀ, ਕਈ ਵਾਰ ਲੋਕ ਸੋਚਦੇ ਹਨ, "ਇਹ ਮੇਰੇ ਨਾਲ ਹੀ ਕਿਉਂ ਹੋ ਰਿਹਾ ਹੈ?" 'ਮੈਂ ਕਿਵੇਂ ਇਹਨਾਂ ਦਾ ਸਹਮਣਾ ਕਰਾ?

ਇਸ ਦੇ ਜਵਾਬ ਵਿਚ ਕਿ 'ਅੱਗੇ ਕੀ ਕਰਨਾ ਚਾਹੀਦਾ ਹੈ:

ਇਸ ਤਰ੍ਹਾਂ ਕਰਨ ਲਈ ਦਿਮਾਗ ਨੂੰ ਨਕਾਰਾਤਮਕ ਵਿਚਾਰਾਂ ਤੋਂ ਆਜ਼ਾਦ ਹੋਣਾ ਚਾਹੀਦਾ ਹੈ ਅਤੇ ਨਿਰਪੱਖ ਰੂਪ ਨਾਲ ਵਿਸ਼ਲੇਸ਼ਣ ਕਰਨਾ ਸਮੱਸਿਆਵਾਂ ਨੂੰ ਰੋਕਣਾ ਅਤੇ ਉਹਨਾਂ ਦਾ ਹੱਲ ਲੱਭਣਾ ਚਹਿਦਾ ਹੈ।

ਜੇ ਤੁਸੀਂ ਸਮਝਦੇ ਹੋ ਕਿ ਇਹਨਾਂ ਸਮੱਸਿਆ ਦਾ ਕੋਈ ਹੱਲ ਨਹੀਂ ਹੈ ਤਾਂ ਉਸ ਦਾ ਦੂਜਾ ਰਸਤਾ ਵੀ ਜਰੂਰ ਹੁੰਦਾ ਹੈ।

ਦੂਜਾ ਰਸਤਾ ਇਹ ਹੀ ਹੈ ਕਿ ਹੌਂਸਲਾ, ਮਨ ਦੀ ਸ਼ਕਤੀ, ਅੰਦਰ ਆਤਮਾ ਦੀ ਸ਼ਕਤੀ, ਤੁਸੀਂ ਸਮੱਸਿਆ ਨੂੰ ਸਵੀਕਾਰ ਕਰੋ ਅਤੇ ਸਭ ਤੋਂ ਸ਼ਕਤੀਸ਼ਾਲੀ ਬਹਾਦਰੀ ਦੇ ਕਾਬਲ ਬਣਨ ਦੀ ਕੋਸ਼ਿਸ਼ ਕਰੋ ਤਾਂ ਸ਼ਾਇਦ ਤੁਸੀਂ ਇਸ ਆਪਣਿਆਂ ਮੁਸੀਬਤਾਂ ਤੋਂ ਬਚ ਕਿ ਨਿਕਲ ਸਕਦੇ ਹੋ।

ਕਈ ਲੋਕ ਤਾਂ ਕੈਂਸਰ ਵਰਗੇ ਘਾਤਕ ਰੋਗ ਤੋਂ ਵੀ ਆਪਣੀ ਸ਼ਕਤੀ ਦਿਲ ਨੂੰ ਕਾਇਮ ਰੱਖਕੇ ਉਸ ਨਾਲ ਟੱਕਰ ਲੈ ਕੇ ਬਾਹਰ ਆ ਜਾਂਦੇ ਹਨ। ਗੱਲ ਕੀ ਹਰ ਬੀਮਾਰੀ, ਮੁਸੀਬਤਾਂ, ਸਮੱਸਿਆਵਾਂ ਵਿਚੋਂ ਨਿਕਲ ਸਕਦੇ ਹਾਂ । ਵਸ ਲੋੜ ਹੈ ਆਤਮ ਵਿਸ਼ਵਾਸ ਦੀ , ਅੰਦਰ ਆਤਮਾ ਸ਼ਕਤੀ ਦੀ, ਜੋ ਸਾਡੇ ਸਭ ਦੇ ਅੰਦਰ ਹੈ। ਸਭ ਤੋਂ ਵੱਡੀ ਅਰਦਾਸ ਤੇ ਵਿਚਵਾਸ਼।

647-829-9397

# ਹਾਰ ਦੇ ਸਦਮੇ ਤੋਂ ਕਿਵੇਂ ਉਭਰਨ ਵਿਰੋਧ ਪਾਰਟੀਆਂ

-ਆਕਾਰ ਪਟੇਲ

ਇਨ੍ਹਾਂ ਲੋਕ ਸਭਾ ਚੋਣਾਂ ਵਿੱਚ ਹੋਈ ਭਿਆਨਕ ਹਾਰ ਤੋਂ ਵਿਰੋਧੀ ਧਿਰ ਕਿਵੇਂ ਉਭਰ ਸਕੇਗੀ? ਸਾਡੇ ਵਰਗੇ ਬਾਕੀ ਲੋਕ, ਜੋ ਸਿਆਸਤ ਵਿੱਚ ਨਹੀਂ ਹਨ, ਕਦੇ ਵੀ ਇੰਨੇ ਵੱਡੇ ਪੱਧਰ ਉਤੇ ਹੋਏ ਨੁਕਸਾਨ ਦਾ ਮਤਲਬ ਨਹੀਂ ਸਮਝ ਸਕਣਗੇ। ਹਾਰ ਦੀ ਸਮੱਸਿਆ ਨਿੱਜੀ ਤੌਰ 'ਤੇ ਸ਼ੁਰੂ ਹੁੰਦੀ ਹੈ। ਆਤਮ ਵਿਸ਼ਵਾਸ ਦਾ ਗੁਆਚ ਜਾਣਾ ਅਤੇ ਇਸ ਗੱਲ ਦੀ ਸ਼ਰਮ ਕਿ ਬਾਕੀ ਲੋਕ ਸਾਡੇ ਵੱਲ ਵੱਖਰੀ ਤਰ੍ਹਾਂ ਦੇਖ ਰਹੇ ਹੋਣਗੇ, ਉਹ ਗੱਲਾਂ ਹਨ, ਜਿਨ੍ਹਾਂ ਦਾ ਸਾਡੇ ਵਿੱਚੋਂ ਜ਼ਿਆਦਾਤਰ ਨੂੰ ਇੰਨੇ ਵੱਡੇ ਪੱਧਰ 'ਤੇ ਸਾਹਮਣਾ ਨਹੀਂ ਕਰਨਾ ਪੈਂਦਾ। ਸਾਡੀ ਹਾਰ ਅਤੇ ਨੁਕਸਾਨ ਜ਼ਿਆਦਾਤਰ ਨਿੱਜੀ ਹੁੰਦੀ ਹੈ ਅਤੇ ਦੂਜੇ ਲੋਕ ਇਨ੍ਹਾਂ ਬਾਰੇ ਉਦੋਂ ਜਾਣਦੇ ਹਨ, ਜਦੋਂ ਅਸੀਂ ਉਨ੍ਹਾਂ ਨੂੰ ਦੱਸਦੇ ਹਾਂ। ਵਿਰੋਧੀ ਨੇਤਾਵਾਂ ਦੇ ਮਾਮਲੇ ਵਿੱਚ ਇਹ ਗੱਲ ਜਨਤਕ ਹੁੰਦੀਆਂ ਹਨ। ਇਸ ਤੋਂ ਇਲਾਵਾ ਇੱਕ ਸਵਾਲ ਇਹ ਹੁੰਦਾ ਹੈ ਕਿ ਤੁਹਾਨੂੰ ਉਸ ਵਿਰੋਧੀ ਦਾ ਸਾਹਮਣਾ ਕਰਨਾ ਪੈਂਦਾ ਹੈ, ਜਿਸ ਨੇ ਤੁਹਾਨੂੰ ਹਰਾਇਆ ਹੈ। ਜੰਗ ਵਿੱਚ ਹਾਰਨ ਵਾਲੇ ਦੀ ਜਾਂ ਮੌਤ ਹੋ ਜਾਂਦੀ ਹੈ ਜਾਂ ਆਤਮ ਸਮਰਪਣ। ਸਿਆਸਤ ਵਿੱਚ ਹਾਰ ਇਤਿਹਾਸ ਬਣ ਚੁੱਕੀ ਹੈ। ਤੁਹਾਨੂੰ ਮੌਜੂਦਾ ਸਮੇਂ ਵਿੱਚ ਉਨ੍ਹਾਂ ਲੋਕਾਂ ਨਾਲ ਕੰਮ ਕਰਨਾ ਪੈਂਦਾ ਹੈ, ਜਿਨ੍ਹਾਂ ਨੂੰ ਕੱਲ੍ਹ ਤੱਕ ਤੁਸੀਂ ਗਾਲ੍ਹਾਂ ਕੱਢ ਰਹੇ ਸੀ ਜਾਂ ਉਹ ਤੁਹਾਡੀ ਆਲੋਚਨਾ ਕਰ ਰਹੇ ਸਨ, ਪਰ ਅੱਜ ਤਰਕ ਖਤਮ ਹੋ ਚੁੱਕੇ ਹੁੰਦੇ ਹਨ ਅਤੇ ਤੁਸੀਂ ਅਪਮਾਨਿਤ ਹੋ ਚੁੱਕੇ ਹੋ। ਫਿਰ ਕੀ ਕੀਤਾ ਜਾਣਾ ਚਾਹੀਦਾ ਹੈ?

ਹਾਰੇ ਹੋਏ ਨੇਤਾਵਾਂ ਲਈ ਸਲਾਹ ਦੀ ਕਮੀ ਨਹੀਂ ਹੋਵੇਗੀ, ਵਿਸ਼ੇਸ਼ ਤੌਰ ਉਤੇ ਮੀਡੀਆ ਵੱਲੋਂ, ਜੋ ਉਨ੍ਹਾਂ ਨੂੰ ਦੱਸੇਗਾ ਕਿ ਕਿੱਥੇ ਗਲਤੀ ਹੋਈ ਅਤੇ ਉਨ੍ਹਾਂ ਨੂੰ ਕੀ ਕਰਨਾ ਚਾਹੀਦਾ ਹੈ। ਇਨ੍ਹਾਂ 'ਚੋਂ ਕੁਝ ਸਲਾਹਾਂ ਮਹੱਤਵ ਪੂਰਨ ਹੋਣਗੀਆਂ, ਪਰ ਮੇਰਾ ਅਨੁਮਾਨ ਹੈ ਕਿ ਜ਼ਿਆਦਾਤਰ ਬੇਕਾਰ ਹੀ ਹੋਣਗੀਆਂ। ਇੱਕ ਟੀ ਵੀ ਪ੍ਰੋਗਰਾਮ ਵਿੱਚ, ਜਿੱਥੇ ਮੈਂ ਮਹਿਮਾਨ ਦੇ ਤੌਰ 'ਤੇ ਗਿਆ ਸੀ, ਅਸੀਂ ਲੋਕ ਸੀਨੀਅਰ ਪੱਤਰਕਾਰੀ ਅਹੁਦੇ ਬਾਰੇ ਦੱਸ ਰਹੇ ਸੀ। ਅਸਲ ਵਿੱਚ ਲੇਖਣੀ ਦੇ ਤੀਹ ਜਾਂ ਚਾਲੀ ਸਾਲ ਦੇ ਤਜਰਬੇ ਦੀ ਤੁਲਨਾ ਤੁਸੀਂ ਕਿਸੇ ਰੈਲੀ ਦੇ 35 ਮਿੰਟ ਦੇ ਸੰਬੋਧਨ ਨਾਲ ਨਹੀਂ ਕਰ ਸਕਦੇ। ਹਾਰ ਤੇ ਜਿੱਤ ਦੇ ਕਾਰਨਾਂ ਨੂੰ ਕਿਸੇ ਹਾਰੇ ਹੋਏ ਵਿਅਕਤੀ ਤੋਂ ਬਿਹਤਰ ਕੋਈ ਨਹੀਂ ਸਮਝ ਸਕਦਾ। ਉਨ੍ਹਾਂ ਕੋਲ ਉਹ ਜਾਣਕਾਰੀ ਹੁੰਦੀ ਹੈ, ਜੋ ਅਸਲੀਅਤ ਅਤੇ ਤਜਰਬੇ 'ਤੇ ਆਧਾਰਤ ਹੁੰਦੀ ਹੈ। ਇਸ ਲਈ ਇਸ ਗੱਲ ਨੂੰ ਸਮਝ ਕੇ ਤੇ ਸਲਾਹ ਦੇਣ ਦੀ ਇੱਛਾ ਕੀਤੇ ਬਿਨਾਂ ਆਓ, ਦੇਖਦੇ ਹਾਂ ਕਿ ਉਹ ਲੋਕ ਕੀ ਕਦਮ ਚੁੱਕ ਸਕਦੇ ਹਨ।

ਜਦੋਂ ਪਾਕਿਸਤਾਨੀ ਜਨਰਲ ਅਯੂਬ ਖਾਨ 1950 ਵਿੱਚ ਰਾਸ਼ਟਰਪਤੀ ਬਣੇ ਤਾਂ ਉਨ੍ਹਾਂ ਦਾ ਕਹਿਣਾ ਸੀ ਕਿ ਉਨ੍ਹਾਂ ਨੇ ਸਭ ਤੋਂ ਪਹਿਲਾਂ ਇੱਕ 'ਐਪਰੀਸੀਏਸ਼ਨ' ਲਿਖਿਆ। ਇਹ ਇੱਕ ਫੌਜੀ ਟਰਮ ਹੈ, ਜਿਸ ਵਿੱਚ ਦੱਸਿਆ ਗਿਆ ਹੈ ਕਿ ਕੋਈ ਵਿਅਕਤੀ ਕਿਸ ਸਥਿਤੀ ਵਿੱਚ ਹੈ। ਮੇਰੇ ਖਿਆਲ ਨਾਲ ਇਹ ਪਹਿਲਾ ਚੰਗਾ ਕਦਮ ਹੋਵੇਗਾ।



ਜਿੱਤ ਦਾ ਮੁਲਾਂਕਣ ਕਰਨਾ ਆਸਾਨ ਹੁੰਦਾ ਹੈ। ਹਾਰ ਦੀ ਸਥਿਤੀ ਦਾ ਮੁਲਾਂਕਣ ਕਰਨਾ ਸ਼ਾਇਦ ਦੁਖਦਾਈ ਹੈ, ਪਰ ਫਿਰ ਵੀ ਇਹ ਕਰਨਾ ਚਾਹੀਦਾ ਹੈ। ਸੂਬਾ ਦਰ ਸੂਬਾ ਅਤੇ ਉਮੀਦਵਾਰ ਦਰ ਉਮੀਦਵਾਰ ਮੌਜੂਦਾ ਹਾਲਾਤ ਦਾ ਮੁਲਾਂਕਣ ਕੀਤਾ ਜਾਣਾ ਚਾਹੀਦਾ ਹੈ। ਇਸ ਵਿੱਚ ਵਿਰੋਧੀ ਬਾਰੇ ਇੱਕ ਗੈਰ ਭਾਵਨਾਤਮਕ ਅਤੇ ਈਮਾਨਦਾਰ ਮੁਲਾਂਕਣ ਹੋਣਾ ਚਾਹੀਦਾ ਹੈ।

ਕਿਸੇ ਨੇਤਾ ਜਾਂ ਪ੍ਰਬੰਧਕ ਦੇ ਕੋਲ ਸਭ ਤੋਂ ਤੇਜ਼ ਜੰਤਰ ਸ਼ਾਇਦ ਪਾਰਦਰਸ਼ਿਤਾ ਹੈ। ਕਿਹਾ ਜਾਂਦਾ ਹੈ ਕਿ ਸੂਰਜ ਦੀ ਰੋਸ਼ਨੀ ਸਭ ਤੋਂ ਚੰਗੀ ਹੁੰਦੀ ਹੈ। ਜਿੱਤਣ ਵਾਲਿਆਂ ਦੀ ਤਾੜਨਾ ਤੋਂ ਨਿਰਾਸ਼ ਹੋ ਚੁੱਕੇ ਵਰਕਰਾਂ ਅਤੇ ਸਮਰਥਕਾਂ ਦੇ ਲਈ ਖੁੱਲ੍ਹਾਪਣ ਪ੍ਰੇਰਨਾ ਸਰੋਤ ਹੋ ਸਕਦਾ ਹੈ। ਜੇ ਹਾਰੇ ਹੋਏ ਲੋਕ ਇਸ ਸੱਚਾਈ ਦਾ ਸਾਹਮਣਾ ਕਰ ਲੈਣ ਕਿ ਉਹ ਕਿਉਂ ਹਾਰੇ ਤੇ ਅੱਜ ਉਨ੍ਹਾਂ ਦੀ ਸਥਿਤੀ ਕੀ ਹੈ ਤਾਂ ਇਸ ਨਾਲ ਉਨ੍ਹਾਂ ਦਾ ਹੌਸਲਾ ਵਧੇਗਾ। ਇਸ ਤੋਂ ਇਲਾਵਾ ਜ਼ਿੰਮੇਵਾਰੀ ਦਾ ਸਵਾਲ ਹੈ।

ਮੈਂ ਕਿਸੇ ਉੱਤੇ ਦੋਸ਼ ਮੜ੍ਹਨਾ ਨਹੀਂ ਚਾਹੁੰਦਾ। ਮੇਰਾ ਖਿਆਲ ਹੈ ਕਿ ਕਿਸੇ ਨੇਤਾ ਲਈ ਅਹੁਦਾ ਛੱਡ ਕੇ ਚਲੇ ਜਾਣਾ ਆਸਾਨ ਹੋਵੇਗਾ ਤੇ ਸ਼ਾਇਦ ਇਹ ਸਹੀ ਕਦਮ ਵੀ ਹੋਵੇਗਾ, ਪਰ ਇਸ ਸਿਲਸਿਲੇ ਵਿੱਚ ਪਾਰਦਰਸ਼ਿਤਾ ਪਹਿਲੇ ਨੰਬਰ ਉਤੇ ਆਵੇਗੀ। ਕਿਸੇ ਹਾਰੀ ਹੋਈ ਪਾਰਟੀ ਦੇ ਨੇਤਾ ਨੂੰ ਅਸਤੀਫਾ ਦੇਣ ਤੋਂ ਪਹਿਲਾਂ ਆਪਣੇ ਵਰਕਰਾਂ 'ਚ ਦੁਬਾਰਾ ਜੋਸ਼ ਭਰਨਾ ਪਵੇਗਾ। ਜੇ ਉਹ ਅਜਿਹਾ ਨਹੀਂ ਕਰਦਾ ਤਾਂ ਇਹੋ ਮੰਨਿਆ ਜਾਵੇਗਾ ਕਿ ਉਹ ਗੁੱਸੇ ਵਿੱਚ ਅਹੁਦਾ ਛੱਡ ਰਿਹਾ ਹੈ। ਅਜਿਹੀ ਸਥਿਤੀ ਵਿੱਚ ਉਸ ਨੂੰ ਨਿਰਸੁਆਰਥ ਭਾਵਨਾ ਨਾਲ ਕੰਮ ਕਰਨਾ ਪਵੇਗਾ।

ਮੇਰੇ ਵਿਚਾਰ ਨਾਲ ਵਿਰੋਧੀ ਧਿਰ ਚੋਣਾਂ ਵਿੱਚ ਇਸ ਤੋਂ ਬਿਹਤਰ ਕੰਮ ਨਹੀਂ ਕਰ ਸਕਦੀ ਸੀ। ਇਥੇ ਉਥੇ ਗਠਜੋੜ ਦੀ ਕਮੀ ਤੇ ਕੁਝ ਲੋਕ ਸਭਾ ਖੇਤਰਾਂ ਵਿੱਚ ਗਲਤ ਉਮੀਦਵਾਰ ਦੀ ਚੋਣ ਨੂੰ ਮੌਜੂਦਾ ਸਥਿਤੀ ਲਈ ਜ਼ਿੰਮੇਵਾਰ ਨਹੀਂ ਕਿਹਾ ਜਾ ਸਕਦਾ। ਇੰਨੀ ਵੱਡੀ ਹਾਰ ਤੋਂ ਕਿਸੇ ਤਕਨੀਕ ਜਾਂ ਰਣਨੀਤੀ ਰਾਹੀਂ ਨਹੀਂ ਬਚਿਆ ਜਾ ਸਕਦਾ ਸੀ।

ਕੁਝ ਡੂੰਘੀਆਂ ਗੱਲਾਂ ਹਨ, ਜਿਨ੍ਹਾਂ 'ਤੇ ਕੰਮ ਹੋਣਾ ਚਾਹੀਦਾ ਹੈ। ਅਜਿਹਾ ਮੰਨਿਆ ਗਿਆ ਹੈ ਕਿ ਵਿਰੋਧੀ ਧਿਰ ਵੱਲੋਂ ਕੁਝ ਗਲਤੀਆਂ ਹੋਈਆਂ ਹਨ; ਮਿਸਾਲ ਲਈ ਹਮਲਾਵਰ ਨਾ ਹੋਣਾ, ਚੀਜ਼ਾਂ ਨੂੰ ਸਹਿਜਤਾ ਨਾਲ ਲੈਣਾ, ਛੁੱਟੀ ਚਲੇ ਜਾਣਾ, ਗਠਜੋੜ ਲਈ ਯਤਨ ਨਾ ਕਰਨਾ, ਇਹ ਸਾਰੇ ਕੰਮ ਕੀਤੇ ਗਏ। ਇਸ ਦੇ ਬਾਵਜੂਦ ਜੇ ਹਾਰ ਹੋਈ ਤਾਂ ਇਸ ਲਈ ਚੌਕਸੀ ਜਾਂ ਯਤਨਾਂ ਵਿੱਚ ਕਮੀ ਨੂੰ ਜ਼ਿੰਮੇਵਾਰ ਨਹੀਂ ਠਹਿਰਾਇਆ ਜਾ ਸਕਦਾ। ਕੁਝ ਵੱਡੀਆਂ ਤਾਕਤਾਂ ਸਰਗਰਮ ਰਹੀਆਂ ਹਨ।

ਇੱਕ ਹੋਰ ਕਦਮ ਦੇ ਤੌਰ ਉੱਤੇ ਸਹਿਯੋਗੀਆਂ ਤੇ ਦੋਸਤਾਂ ਨੂੰ ਇਕੱਠੇ ਕਰਨਾ ਹੋਵੇਗਾ। ਸਿਵਲ ਸੁਸਾਇਟੀ, ਭਾਵ ਗੈਰ ਸਰਕਾਰੀ ਸੰਗਠਨਾਂ ਵਰਗੇ ਗਰੁੱਪਾਂ ਨੂੰ ਵਿਰੋਧੀ ਧਿਰ ਨਾਲ ਹਮਦਰਦੀ ਹੈ। ਇਹ ਸੰਗਠਨ ਕੁਝ ਅਜਿਹੇ ਮੁੱਦਿਆਂ ਲਈ ਕੰਮ ਕਰਦੇ ਹਨ, ਜਿਨ੍ਹਾਂ ਲਈ ਕੁਝ ਸਿਆਸੀ ਪਾਰਟੀਆਂ ਕਰਦੀਆਂ ਹਨ। ਇਨ੍ਹਾਂ 'ਚੋਂ ਬਹੁਤ ਸਾਰੇ ਸੰਗਠਨ ਦਹਾਕਿਆਂ ਤੋਂ ਸੰਘਰਸ਼ ਕਰ ਰਹੇ ਹਨ। ਇਹ ਵੀ ਕਿਸੇ ਪਾਰਟੀ ਦੀ ਹਾਰ ਦੇ ਮੁਲਾਂਕਣ ਅਤੇ ਪੁਨਰਗਠਨ ਵਿੱਚ ਯੋਗਦਾਨ ਪਾ ਸਕਦੇ ਹਨ।

ਤੀਜੀ ਤੇ ਆਖਰੀ ਗੱਲ ਇਹ ਕਿ ਹਾਰੀਆਂ ਹੋਈਆਂ, ਖਾਸ ਤੌਰ ਉੱਤੇ ਪੁਰਾਣੀਆਂ ਪਾਰਟੀਆਂ ਨੂੰ ਆਪਣੇ ਮੋਢੀ ਸਿਧਾਂਤਾਂ ਵੱਲ ਵਾਪਸ ਜਾਣਾ ਚਾਹੀਦਾ ਅਤੇ ਇਸ ਗੱਲ ਦਾ ਮੁਲਾਂਕਣ ਕਰਨਾ ਚਾਹੀਦਾ ਹੈ ਕਿ ਉਹ ਉਨ੍ਹਾਂ ਸਿਧਾਂਤਾਂ ਤੋਂ ਕਿੰਨੀ ਦੂਰ ਜਾਂ ਕਿੰਨਾ ਨੇੜੇ ਹਨ। ਪਾਰਟੀ ਅੰਦਰ ਕੁਝ ਅਜਿਹੀਆਂ ਗੱਲਾਂ ਸਨ, ਜੋ ਭਾਰਤੀਆਂ ਨੂੰ ਆਕਰਸ਼ਿਤ ਕਰਦੀਆਂ ਸਨ। ਇਹ ਗੱਲ ਜਾਂ ਉਸ ਦਾ ਕੋਈ ਪਹਿਲੂ ਕਿਵੇਂ ਦੁਬਾਰਾ ਸ਼ੁਰੂ ਕੀਤਾ ਜਾ ਸਕਦਾ ਹੈ? ਇਹ ਇੱਕ ਚੰਗਾ ਸਵਾਲ ਹੈ, ਜਿਸ 'ਤੇ ਵਿਚਾਰ ਹੋਣਾ ਚਾਹੀਦਾ ਹੈ। ਇਸ ਤੋਂ ਇਲਾਵਾ ਹੌਸਲਾ ਕਾਇਮ ਰਹਿਣਾ ਚਾਹੀਦਾ ਹੈ। ਸਿਵਲ ਸੁਸਾਇਟੀ ਅਤੇ ਐੱਨ ਜੀ ਓਜ਼ ਹਾਰਨ 'ਤੇ ਗੀਤ ਰਾਹੀਂ ਅਜਿਹਾ ਕਰਦੀਆਂ ਹਨ। ਸਵੈਮ-ਸੇਵਕ ਦੀ ਭਾਵਨਾ ਕਿਸੇ ਮਕਸਦ ਦੀ ਭਾਵਨਾ ਤੋਂ ਆਉਂਦੀ ਹੈ, ਪਰ ਕੰਮ ਕਰਨ ਵਿੱਚ ਆਨੰਦ ਦਾ ਅਹਿਸਾਸ ਹੋਣਾ ਚਾਹੀਦਾ ਹੈ ਅਤੇ ਇਸ ਤੋਂ ਊਰਜਾ ਮਿਲਣੀ ਚਾਹੀਦੀ ਹੈ।

ਇਸ ਸੰਵਾਦ ਦੀ ਆਖਰੀ ਗੱਲ ਇਹ ਹੈ ਕਿ ਨਵੇਂ ਦਿਨ ਦੀ ਸ਼ੁਰੂਆਤ ਕੀਤੀ ਜਾਵੇ। ਸ਼ੁਰੂਆਤ ਬਹੁਤ ਚੰਗੀ ਚੀਜ਼ ਹੈ। ਸਮੇਂ ਸਿਰ ਉਠਣਾ ਅਤੇ ਕਿਸੇ ਵਿਸ਼ੇਸ਼ ਸਮੇਂ ਤੇ ਕੰਮ ਵਿੱਚ ਜੁਟ ਜਾਣ ਨਾਲ

# ਪਿੰਡਾਂ ਦਾ ਮਾਣ ਕਿਰਤੀ ਲੋਕ

-ਪਰਮਜੀਤ ਕੌਰ ਸਰਹਿੰਦ

ਪੁਰਾਣੇ ਸਮੇਂ ਜਦੋਂ ਕੋਈ ਪਿੰਡ ਬੰਨ੍ਹਿਆ ਭਾਵ ਨਵਾਂ ਵਸਾਇਆ ਜਾਂਦਾ ਤਾਂ ਕਾਮੇ ਲੋਕ ਨਾਲ ਲਿਆ ਕੇ ਵਸਾਏ ਜਾਂਦੇ। ਰਸਦੇ-ਵਸਦੇ ਪਿੰਡਾਂ ਵਿੱਚ ਭਾਵੇਂ ਮੁੱਖ ਕੰਮੀ, ਡੰਗਰਾਂ ਦਾ ਗੋਹਾ-ਕੂੜਾ ਕਰਨ ਵਾਲੇ, ਵਿਆਹਾਂ-ਕਾਰਜਾਂ ਅਤੇ ਹੋਰ ਦੁੱਖਾਂ-ਸੁੱਖਾਂ ਦੇ ਸੁਨੇਹੇ ਦੇਣ ਵਾਲੇ ਅਤੇ ਪਾਣੀ ਢੋਣ ਵਾਲੇ ਹੁੰਦੇ ਸਨ, ਪਰ ਇਨ੍ਹਾਂ ਤੋਂ ਇਲਾਵਾ ਵੱਖ-ਵੱਖ ਕਿੱਤਿਆਂ ਨਾਲ ਜੁੜੇ ਹੋਰ ਲੋਕ ਵੀ ਹੁੰਦੇ ਸਨ। ਇਨ੍ਹਾਂ ਵਿੱਚ ਲੁਹਾਰ ਤੇ ਤਰਖਾਣ ਵਿਸ਼ੇਸ਼ ਥਾਂ ਰੱਖਦੇ ਸਨ, ਕਿਉਂਕਿ ਉਸ ਸਮੇਂ ਪੇਂਡੂ ਲੋਕਾਂ ਦਾ ਮੁੱਖ ਕਿੱਤਾ ਕਿਸਾਨੀ ਸੀ ਤੇ ਇਹ ਕਿੱਤਾ ਜਿਵੇਂ ਇਨ੍ਹਾਂ ਮਿਹਨਤਕਸ਼ ਲੋਕਾਂ 'ਤੇ ਨਿਰਭਰ ਹੁੰਦਾ ਸੀ। ਇਨ੍ਹਾਂ ਦੋਵਾਂ ਨੂੰ ਜ਼ਰੂਰ ਪਿੰਡ 'ਚ ਵਸਾਇਆ ਜਾਂਦਾ। ਇਨ੍ਹਾਂ ਦੀ ਲੋੜ ਜ਼ਿਮੀਂਦਾਰਾਂ ਨੂੰ ਹਰ ਵੇਲੇ ਰਹਿੰਦੀ। ਖੇਤੀਬਾੜੀ ਦੇ ਸੰਦਾਂ ਦੀ ਟੁੱਟ-ਭੱਜ ਦੀ ਮੁਰੰਮਤ ਜਾਂ ਨਵੇਂ ਸੰਦ ਬਣਾਉਣ ਲਈ ਵੀ ਇਹ ਸਹਾਈ ਹੁੰਦੇ।

ਇਨ੍ਹਾਂ ਕਾਮੇ ਲੋਕਾਂ ਨੂੰ ਛਿਮਾਹੀ ਪਿੱਛੋਂ ਦਾਣਾ-ਫੱਕਾ ਦਿੱਤਾ ਜਾਂਦਾ ਤੇ ਪੈਸਿਆਂ ਦਾ ਕੋਈ ਦੇਣ-ਲੈਣ ਨਾ ਕੀਤਾ ਜਾਂਦਾ। ਇਨ੍ਹਾਂ ਨੂੰ ਦਿੱਤੀ ਜਾਂਦੀ ਜਿਣਸ ਨੂੰ 'ਹਾਲਾ' ਵੀ ਕਿਹਾ ਜਾਂਦਾ। ਇਨ੍ਹਾਂ ਲੋਕਾਂ ਨੂੰ ਹਲਾਂ ਦੇ ਹਿਸਾਬ ਵੀ ਅਨਾਜ ਦਿੱਤਾ ਜਾਂਦਾ। ਜੇ ਕੋਈ ਦੋ ਹਲਾਂ ਦੀ ਖੇਤੀ ਹੁੰਦੀ, ਉਹ ਉਸੇ ਹਿਸਾਬ ਜਿਣਸ ਦੇ ਰੂਪ ਵਿੱਚ ਮਿਹਨਤਾਨਾ ਦਿੰਦਾ। ਲੁਹਾਰ ਦਾ ਕੰਮ ਖੁਰਪੇ, ਕਹੀਆਂ, ਹਲਾਂ ਦੇ ਫਾਲੇ ਚੰਡਣ ਤੋਂ ਬਿਨਾਂ ਦਾਤੀਆਂ ਦੇ ਦੰਦੇ ਕੱਢਣਾ ਵੀ ਹੁੰਦਾ, ਜਿਸ ਨੂੰ 'ਦਾਤੀਆਂ ਲਵਾਉਣਾ' ਵੀ ਕਿਹਾ ਜਾਂਦਾ। ਵਹਾਈ ਦੇ ਜ਼ੋਰ ਸਮੇਂ ਹਲ ਦਾ ਇੱਕੋ ਜੋਤਾ ਲਾ ਕੇ ਹਾਲੀ, ਹਾਲੀ ਫਾਲਾ ਚੰਡਾਉਣ ਲਈ ਲੁਹਾਰ ਕੋਲ ਪੁੱਜਦਾ। ਕਈ ਕਾਰੀਗਰ ਲੁਹਾਰ ਦਾਤੀਆਂ ਤੇ ਹੋਰ ਨਿੱਕੇ-ਮੋਟੇ ਸੰਦ ਆਪੇ ਬਣਾ ਦਿੰਦੇ। ਕਈ ਲੁਹਾਰ ਕਹੋਲੇ-ਕਹੋਲੀਆਂ, ਤਵੇ-ਤਵੀਆਂ, ਚਿਮਟੇ-ਖੁਰਚਣੇ ਤੇ ਕਿਸੇ ਲੋਹੇ ਦੇ ਪਾਈਪ ਨੂੰ ਕੱਟ ਕੇ ਭੂਖਣੇ (ਫੂਕਣੇ) ਵੀ ਬਣਾ ਲੈਂਦੇ। ਲੁਹਾਰ ਦਾ ਕੰਮ ਬੜਾ ਮੁਸ਼ੱਕਤ ਵਾਲਾ ਹੁੰਦਾ। ਇਸ ਦੇ ਮੁੱਖ ਸੰਦ ਅਹਿਰਣ, ਧੌਂਕਣੀ ਤੇ ਭੱਠੀ ਹੁੰਦੀ। ਭੱਠੀ ਵਿਚਲੇ ਬਾਲਣ ਨੂੰ ਧੌਂਕਣ ਨਾਲ ਹਵਾ ਦਿੱਤੀ ਜਾਂਦੀ ਤੇ ਫਿਰ ਗਰਮ ਲੋਹੇ ਨੂੰ ਅਹਿਰਣ ਉਤੇ ਰੱਖ ਕੇ ਵਦਾਣ ਦੀਆਂ ਸੱਟਾਂ ਮਾਰ ਕੇ ਲੋੜੀਂਦੇ ਰੂਪ ਵਿੱਚ ਢਾਲਿਆ ਜਾਂਦਾ। ਮਾਹਰ ਲੁਹਾਰ ਖੂਹ ਦੀਆਂ ਟਿੰਡਾਂ ਤੋਂ ਲੈ ਕੇ ਟਰੰਕ ਤੇ ਪੇਟੀਆਂ ਤੱਕ ਵੀ ਬਣਾ ਲੈਂਦੇ ਸਨ।



ਇਨ੍ਹਾਂ ਦੇ ਘਰੀਂ ਕੋਈ ਦੁੱਖ-ਸੁੱਖ ਹੁੰਦਾ ਤਾਂ ਪਿੰਡ ਦੇ ਲੋਕਾਂ ਵੱਲੋਂ ਮਦਦ ਕੀਤੀ ਜਾਂਦੀ ਅਤੇ ਤਿੱਥ-ਤਿਉਹਾਰ ਜਾਂ ਵਿਆਹ-ਸ਼ਾਦੀ ਵੇਲੇ ਇਨ੍ਹਾਂ ਨੂੰ ਰੋਟੀ ਜ਼ਰੂਰ ਦਿੱਤੀ ਜਾਂਦੀ। ਲੋੜ ਵੇਲੇ ਇਹ ਲੋਕ ਵੀ ਜ਼ਿਮੀਂਦਾਰ ਕੋਲ ਦਿਹਾੜੀ ਕਰ ਲੈਂਦੇ ਸਨ ਕਿਉਂਕਿ ਜਿਨ੍ਹਾਂ ਪਿੰਡਾਂ ਵਿੱਚ ਇਨ੍ਹਾਂ ਦੇ ਕਈ-ਕਈ ਪਰਵਾਰ ਹੁੰਦੇ ਸਨ, ਉਨ੍ਹਾਂ ਸਾਰਿਆਂ ਦਾ ਇਕੱਲੇ ਲੁਹਾਰੇ ਕੰਮ ਨਾਲ ਗੁਜ਼ਾਰਾ ਨਹੀਂ ਸੀ ਚੱਲਦਾ, ਇਸ ਲਈ ਕੋਈ ਹੋਰ ਕੰਮ ਵੀ ਕਰ ਲੈਂਦੇ।

ਕਿੱਤਾ ਵੰਡ ਕਾਰਨ ਲੋਹੇ ਦਾ ਕੰਮ ਕਰਨ ਵਾਲੇ ਲੁਹਾਰ ਕਹਾਉਣ ਲੱਗੇ ਤੇ ਲੱਕੜ ਦਾ ਕੰਮ ਕਨ ਵਾਲੇ ਤਰਖਾਣ ਕਹੇ ਜਾਣ ਲੱਗੇ। ਇਨ੍ਹਾਂ ਨੂੰ ਰਾਮਗੜ੍ਹੀਏ ਵੀ ਕਿਹਾ ਜਾਂਦਾ ਹੈ। ਭਾਵੇਂ ਇਹ ਕੰਮ ਹੱਥੀਂ ਅਤੇ ਮਿਹਨਤ ਵਾਲਾ ਕਰਦੇ ਸਨ, ਪਰ ਤਰਖਾਣ ਆਪਣੇ ਆਪ ਨੂੰ ਲੁਹਾਰਾਂ ਤੋਂ ਵੱਖਰਾ ਤੇ ਉਚਾ ਸਮਝਦੇ। ਇਸ ਹੁਨਰਮੰਦ ਕਾਮੇ ਦੇ ਦੁੱਖ-ਸੁੱਖ ਵਿੱਚ ਜ਼ਿਮੀਂਦਾਰ ਹਿੱਸਾ ਵੰਡਾਉਂਦੇ ਤੇ ਉਸ ਦੀ ਮਦਦ ਕਰਦੇ। ਇਸ ਨੂੰ ਵੀ ਛਿਮਾਹੀ ਪਿੱਛੋਂ ਦਾਣਾ-ਫੱਕਾ ਦਿੱਤਾ ਜਾਂਦਾ ਤੇ ਤਿੱਥ-ਤਿਉਹਾਰ ਨੂੰ ਵੀ ਮੰਨਿਆ ਜਾਂਦਾ। ਕਿਸਾਨੀ ਕਿੱਤੇ ਵਿੱਚ ਤਰਖਾਣ ਦੀ ਬਹੁਤ ਲੋੜ ਹੁੰਦੀ, ਕਿਉਂਕਿ ਉਦੋਂ ਲੋਹੇ ਜਾਂ ਲੱਕੜ ਦੇ ਵੱਡੇ-ਛੋਟੇ ਕਾਰਖਾਨੇ ਅੱਜ ਵਾਂਗ ਨਹੀਂ ਸਨ ਬਣੇ। ਬੱਚਿਆਂ ਦੇ ਗਡੀਰਨੇ ਤੇ ਗੁੱਲੀ ਡੰਡੇ ਤੋਂ ਲੈ ਕੇ ਕਿਸਾਨ ਦੇ ਸਭ ਤੋਂ ਵੱਧ ਕੰਮ ਆਉਣ ਵਾਲੇ ਗੱਡੇ ਤੱਕ ਤਰਖਾਣ ਬਣਾਉਂਦਾ। ਗੱਡਿਆਂ ਦੀਆਂ ਪਿੰਜਣੀਆਂ ਅਤੇ ਪਹੀਏ ਵੀ ਸਮੇਂ-ਸਮੇਂ ਇਹੀ ਮੁਰੰਮਤ ਕਰਦਾ। ਹਲ ਦਾ ਮੁੰਨਾ, ਪੰਜਾਲੀ, ਕਹੀਆਂ-ਕਹੋਲੀਆਂ ਦੇ ਦਸਤੇ (ਬਾਹੇ) ਵੀ ਤਰਖਾਣ ਬਣਾਉਂਦਾ। ਇਸ ਨੂੰ ਚੰਗੀ-ਮਾੜੀ ਲੱਕੜ ਦੀ ਬੜੀ ਪਛਾਣ ਹੁੰਦੀ। ਬਹੁਤੇ ਹੁਨਰਮੰਦ ਰਥ-ਗੱਡੀਆਂ ਅਤੇ ਟਾਂਗੀਆਂ ਠੋਹਕਰਾਂ ਵੀ ਬਣਾ ਲੈਂਦੇ। ਘਰ ਬਣਾਉਣ ਸਮੇਂ ਇਹ ਕੜੀਆਂ-ਬਾਲਿਆਂ ਨੂੰ ਰੰਦ-ਸੁਆਰ ਕੇ ਦਿੰਦੇ। ਘਰਾਂ ਦੇ ਬੂਹੇ-ਬਾਰੀਆਂ,ਚੁਗਾਠਾਂ ਵੀ ਇਹ ਬਣਾਉਂਦੇ। ਘਰਾਂ ਦੇ ਦਰਵਾਜ਼ੇ ਲਾਉਣ ਨੂੰ 'ਜੋੜੀਆਂ ਚੜ੍ਹਾਉਣਾ' ਕਿਹਾ ਜਾਂਦਾ, ਇਹ ਲੋਕ ਜੋੜੀਆਂ ਵੀ ਚੜ੍ਹਾਉਂਦੇ।

ਘਰਾਂ ਵਿੱਚ ਆਮ ਵਰਤੋਂ ਦਾ ਬਹੁਤਾ ਸਾਮਾਨ ਵੀ ਇਨ੍ਹਾਂ ਦੇ ਹੱਥਾਂ ਦਾ ਬਣਿਆ ਹੁੰਦਾ। ਘਰ ਦਾ ਸ਼ਿੰਗਾਰ ਤੇ ਬਰਕਤ, ਚਰਖਾ ਭਾਵੇਂ ਟਾਹਲੀ ਦਾ ਹੁੰਦਾ ਭਾਵੇਂ ਚੰਨ੍ਹ ਦਾ ਇਹ ਤਰਖਾਣ ਹੀ ਬਣਾਉਂਦੇ ਤੇ ਇਸੇ ਲਈ ਮੁਟਿਆਰਾਂ ਇਨ੍ਹਾਂ ਨੂੰ ਅਸੀਸਾਂ ਦਿੰਦੀਆਂ ਕਹਿੰਦੀਆਂ :



ਚਰਖਾ ਤਾਂ ਮੇਰਾ ਤ੍ਰਿੰਞਣਾਂ ਦਾ ਸਰਦਾਰ ਨੀਂ ਮਾਏ

ਜਿਸ ਘੜਿਆ ਇਹ ਚਰਖਾ

ਜੀਵੇ ਉਹ ਤਰਖਾਣ ਨਾਂ ਮਾਏ

ਰੂੰ ਵੇਲਣ ਵਾਲਾ ਵੇਲਣਾ ਵੀ ਤਰਖਾਣ-ਲੁਹਾਰ ਦੀ ਸਾਂਝੀ ਸਿਰਜਣਾ ਹੁੰਦਾ। ਨਿੱਚਲੇ (ਗਲੋਟੇ) ਅਟੇਰਨ ਭਾਵ ਇਕੱਠੇ ਕਰਨ ਵਾਲਾ ਅਟੇਰਨਾ ਵੀ ਤਰਖਾਣ ਬਣਾਉਂਦਾ। ਨਾਲੇ ਤੇ ਦਰੀਆਂ ਬੁਣਨ ਵਾਲੇ ਅੱਡ ਪੇਂਡੂ ਸੁਆਣੀਆਂ ਦੀ ਵੱਡੀ ਲੋੜ ਹੁੰਦੀ, ਜੋ ਤਰਖਾਣ ਬਣਾ ਕੇ ਦਿੰਦਾ। ਦਰੀਆਂ ਬੁਣਨ ਵਾਲੀਆਂ ਹੱਥੀਆਂ (ਪੰਜੇ) ਲੁਹਾਰ-ਤਰਖਾਣ ਬਣਾਉਂਦੇ। ਘਰੇਲੂ ਲੋੜ ਦੇ ਨਿੱਕੇ ਮੋਟੇ ਸੰਦ ਜਿਵੇਂ ਕੱਪੜੇ ਧੋਣ ਲਈ ਮੋਗਰੀ (ਥਾਪੀ), ਸਾਗ ਘੋਟਣ ਵਾਲਾ ਘੋਟਣਾ, ਕੁੰਡੀ-ਕੁੰਡੇ ਵਾਲਾ ਸੋਟਾ (ਡੰਡਾ), ਮਧਾਣੀਆਂ, ਘੜਵੰਜੀਆਂ, ਨੇਤੀਆਂ (ਨੇਤਰਾ), ਪੀੜ੍ਹੀਆਂ, ਪੀੜ੍ਹੇ, ਪਟੜੇ, ਪੀਂਘ ਝੂਟਣ ਵਾਲੀਆਂ ਫੱਟੀਆਂ ਤੋਂ ਲੈ ਕੇ ਡੰਗਰਾਂ ਨੂੰ ਬੰਨ੍ਹਣ ਵਾਲੇ ਕਿੱਲੇ ਵੀ ਇਹੋ ਕਾਰੀਗਰ ਬਣਾਉਂਦਾ। ਸਿੱਧੇ-ਸਾਦੇ ਪਾਵਿਆਂ ਵਾਲੇ ਮੰਜੇ-ਮੰਜੀਆਂ ਤੇ ਬੱਚਿਆਂ ਦੇ ਪੰਘੂੜੇ ਵੀ ਇਸ ਦੇ ਬਣਾਏ ਹੁੰਦੇ। ਵੱਡੇ ਪਿੰਡਾਂ ਵਿੱਚ ਕੋਈ ਟਾਵਾਂ-ਟਾਵਾਂ ਤਰਖਾਣ ਜਿਸ ਨੂੰ ਮਿਸਤਰੀ ਵੀ ਕਿਹਾ ਜਾਂਦਾ, ਖ਼ੂਬਸੂਰਤ ਸੰਦੂਕ ਤੇ ਪੇਟੀਆਂ ਤੋਂ ਇਲਾਵਾ ਪਲੰਘ, ਮੇਜ਼ ਤੇ ਕੁਰਸੀਆਂ ਵੀ ਬਣਾ ਲੈਂਦਾ। ਪਿੱਤਲ ਦੇ ਕਿੱਲਾਂ-ਕੋਕਿਆਂ ਅਤੇ ਮੋਰ-ਮੋਰਨੀਆਂ ਵਾਲੇ ਸੰਦੂਕ ਬਣਾ ਕੇ ਸ਼ੀਸ਼ਾ ਜੜ ਦਿੰਦਾ। ਸੰਦੂਕ ਦੀਆਂ ਪੈਂਦੀਆਂ ਲਿਸ਼ਕਾਂ ਦੇਖ ਕੇ ਹੀ ਕਿਸੇ ਕਿਹਾ ਹੈ :

ਕਿਹੜੇ ਪਿੰਡ ਮੁਕਲਾਵੇ ਜਾਣੈ

ਨਿੰਮ ਦੇ ਸੰਦੂਕ ਵਾਲੀਏ...।

ਅਜੋਕੇ ਸਮੇਂ ਇਨ੍ਹਾਂ ਹੁਨਰਮੰਦ ਲੋਕਾਂ ਦੇ ਧੀ-ਪੁੱਤਰ ਹਰ ਖੇਤਰ ਵਿੱਚ ਉਚ ਅਹੁਦਿਆਂ ਉਪਰ ਬਿਰਾਜਮਾਨ ਹਨ। ਇਨ੍ਹਾਂ ਵਿੱਚੋਂ ਬਹੁਤੇ ਵੱਡੇ-ਵੱਡੇ ਕਾਰਖਾਨਿਆਂ ਅਤੇ ਮਿੱਲਾਂ ਦੇ ਮਾਲਕ ਵੀ ਹਨ। ਜਿਨ੍ਹਾਂ ਲੋਕਾਂ ਦੇ ਘਰਾਂ ਦਾ ਉਹ ਕੰਮ ਕਰਦੇ ਸਨ, ਜਾਗਰੂਕ ਹੋਏ ਉਹ ਲੋਕ ਇਨ੍ਹਾਂ ਨਾਲ ਗੂੜ੍ਹੀਆਂ ਸਕੀਰੀਆਂ ਵੀ ਬਣਾ ਰਹੇ ਹਨ ਭਾਵ ਆਪਸ ਵਿੱਚ ਵਿਆਹ ਸ਼ਾਦੀਆਂ ਕਰਵਾ ਰਹੇ ਹਨ। ਇਸ ਦੇ ਬਾਵਜੂਦ ਉਨ੍ਹਾਂ ਨੂੰ ਸ਼ਿਕਵਾ ਹੈ ਕਿ ਪੇਂਡੂ ਸਮਾਜ ਵਿੱਚ ਅਜੇ ਵੀ ਸਾਨੂੰ ਉਹ ਮਾਣ-ਆਦਰ ਤੇ ਸਥਾਨ ਹਾਸਲ ਨਹੀਂ ਹੋਇਆ, ਜਿਸ ਦੇ ਉਹ ਹੱਕਦਾਰ ਹਨ। ਸਾਨੂੰ ਕਦੇ ਨਹੀਂ ਭੁੱਲਣਾ ਚਾਹੀਦਾ ਕਿ ਸਾਡੇ ਪਿੰਡਾਂ ਦੀ ਹੋਂਦ ਅੱਜ ਇਨ੍ਹਾਂ ਸਦਕਾਂ ਕਾਇਮ ਹੈ। ਪੇਂਡੂ ਇਤਿਹਾਸ ਵਿੱਚ ਇਹ ਮਿਹਨਤਕਸ਼ ਕਿਰਤੀ ਮਾਣ-ਮੱਤੇ ਹਸਤਾਖਰ ਹਨ।

# ਚੰਨ ਹੋ ਗਿਆ ਥਾਣੇਦਾਰ

-ਬਹਾਦਰ ਸਿੰਘ ਗੋਸਲ

ਆਪਣੇ-ਆਪਣੇ ਰੁਜ਼ਗਾਰ ਲਈ ਲੋਕ ਬਹੁਤ ਪ੍ਰਕਾਰ ਦੀਆਂ ਨੌਕਰੀਆਂ ਕਰਦੇ ਹਨ, ਪਰ ਸਰਕਾਰੀ ਨੌਕਰੀ ਦੀ ਆਪਣੀ ਮਹੱਤਤਾ ਹੁੰਦੀ ਹੈ ਕਿਉਂਕਿ ਸਰਕਾਰੀ ਨੌਕਰੀ ਰਨ ਵਾਲੇ ਦਾ ਜ਼ਿਆਦਾਤਰ ਵਾਸਤਾ ਆਮ ਲੋਕਾਂ ਨਾਲ ਪੈਂਦਾ ਹੈ, ਜਿਵੇਂ ਪਟਵਾਰੀ, ਸਰਕਾਰੀ ਅਧਿਆਪਕ, ਬਸ ਕੰਡਕਟਰ ਜਾਂ ਕਿਸੇ ਮਹਿਕਮੇ ਦਾ ਬਾਬੂ। ਲੋਕ ਅਜਿਹੇ ਸਰਕਾਰੀ ਕਾਰਿੰਦੇ ਨਾਲ ਆਪਣੀ ਨੇੜਤਾ ਰੱਖਣ ਵਿੱਚ ਮਾਣ ਮਹਿਸੂਸ ਕਰਦੇ ਹਨ। ਅਜਿਹਾ ਹੀ ਮਹਿਕਮਾ ਪੁਲਸ ਦਾ ਹੁੰਦਾ ਹੈ। ਇੱਕ ਪੁਲਸ ਮੁਲਾਜ਼ਮ ਦੀ ਆਪਣੀ ਹੀ ਠਾਠ ਹੁੰਦੀ ਹੈ। ਇੱਕ ਤਾਂ ਉਨ੍ਹਾਂ ਨੇ ਸਰਕਾਰੀ ਵਰਦੀ ਪਾ ਕੇ ਲੋਕਾਂ ਵਿੱਚ ਵਿਚਰਨਾ ਹੁੰਦਾ ਹੈ ਅਤੇ ਦੂਜੇ ਹੱਥ ਵਿੱਚ ਕਾਨੂੰਨੀ ਡੰਡਾ। ਇਸ ਤਰ੍ਹਾਂ ਪੁਲਸ ਵਾਲਿਆਂ ਦਾ ਲੋਕਾਂ ਵਿੱਚ ਉਂਝ ਦਬਦਬਾ ਬਣਿਆ ਰਹਿੰਦਾ ਹੈ। ਜੇ ਅਸੀਂ ਅੰਗਰੇਜ਼ਾਂ ਦੇ ਸਮੇਂ ਦੀ ਪੁਲਸ ਨੌਕਰੀ ਦੀ ਗੱਲ ਕਰੀਏ ਤਾਂ ਉਸ ਸਮੇਂ ਪੁਲਸ ਵਾਲਿਆਂ ਦਾ ਲੋਕਾਂ ਵਿੱਚ ਬੜਾ ਰੋਹਬ ਤੇਡਰ ਹੁੰਦਾ ਸੀ। ਗੱਲ ਵੀ ਠੀਕ ਹੈ ਉਸ ਸਮੇਂ ਲੋਕਾਂ ਵਿੱਚ ਉਸ ਦਾ ਸਹਿਮ ਹੋਣਾ ਸੁਭਾਵਿਕ ਹੀ ਸੀ। ਉਨ੍ਹਾਂ ਦਿਨਾਂ ਵਿੱਚ ਅੰਗਰੇਜ਼ੀ ਹਕੂਮਤ ਹੋਣ ਕਾਰਨ ਪੁਲਸ ਕੁਝ ਵਧੀਕੀਆਂ ਵੀ ਕਰ ਜਾਂਦੀ ਸੀ ਜਿਸ ਕਾਰਨ ਪੁਲਸ ਤੋਂ ਸਭ ਲੋਕ ਡਰਦੇ ਸਨ। ਵੈਸੇ ਵੀ ਪੁਲਸ ਦਾ ਡਰ ਹੋਣਾ ਲਾਜ਼ਮੀ ਹੈ ਤਾਂ ਕਿ ਸਮਾਜ ਵਿੱਚ ਹੋਣ ਵਾਲੀਆਂ, ਚੋਰੀਆਂ, ਡਕੈਤੀਆਂ ਤੇ ਕਤਲਾਂ ਨੂੰ ਰੋਕਿਆ ਜਾ ਸਕੇ। ਇੱਕ ਸਭਿਅਕ ਸਮਾਜ ਲਈ ਸਮਾਜ ਵਿੱਚ ਅਨੁਸ਼ਾਸਨ ਦੀ ਲੋੜ ਹੁੰਦੀ ਹੀ ਹੈ ਜਿਸ ਕਾਰਨ ਹਰ ਪੁਲਸ ਕਰਮਚਾਰੀ ਦਾ ਰੁਤਬਾ ਅਹਿਮ ਬਣ ਜਾਂਦਾ ਹੈ।

ਅੰਗਰੇਜ਼ਾਂ ਦੇ ਸਮੇਂ ਤੇ ਆਜ਼ਾਦੀ ਦੇ ਮੁੱਢਲੇ ਦਹਾਕਿਆਂ ਵਿੱਚ ਪੁਲਸ ਦਾ ਡਰ ਏਨਾ ਸੀ ਕਿ ਜੇ ਕਿਤੇ ਪਿੰਡ ਵਿੱਚ ਪੁਲਸ ਦੇ ਦੋ-ਤਿੰਨ ਸਿਪਾਹੀ ਆ ਜਾਂਦੇ ਤਾਂ ਲੋਕ ਆਪਣੇ ਘਰਾਂ ਨੂੰ ਅੰਦਰੋਂ ਕੁੰਡੀਆਂ ਲਾ ਲੈਂਦੇ। ਏਦਾਂ ਦਾ ਰੋਹਬ ਵੀ ਉਨ੍ਹਾਂ ਦੇ ਰੁਤਬੇ ਮੁਤਾਬਕ ਖਾਸ ਹੁੰਦਾ ਸੀ। ਹੌਲਦਾਰ ਦੀ ਟੌਹਰ ਦੇ ਕੀ ਕਹਿਣੇ। ਇਹ ਕਾਰਨ ਸੀ ਕਿ ਪਿੰਡ ਵਿੱਚ ਜੇ ਕਿਸੇ ਸੋਹਣੀ ਸੁਨੱਖੀ ਮੁਟਿਆਰ ਦੀ ਦੂਜੀਆਂ ਕੁੜੀਆਂ ਨਾਲ ਤੁਲਨਾ ਕਰਨੀ ਹੁੰਦੀ ਸੀ ਤਾਂ ਉਸ ਨੂੰ 'ਕੁੜੀਆਂ ਵਿੱਚ ਹੌਲਦਾਰਨੀ' ਕਹਿ ਕੇ ਨਿਵਾਜਿਆ ਜਾਂਦਾ ਸੀ। ਭਾਵੇਂ ਅੱਜਕੱਲ੍ਹ ਕੁੜੀਆਂ ਵੀ ਪੁਲਸ ਵਿੱਚ ਨੌਕਰੀ ਕਰਦੀਆਂ ਹਨ ਤੇ ਉਨ੍ਹਾਂ ਨੂੰ ਵੱਖ-ਵੱਖੋ ਅਹੁਦੇ ਵੀ ਪ੍ਰਾਪਤ ਹਨ। ਅੱਜ ਤਾਂ ਅਸੀਂ ਕੁੜੀਆਂ ਨੂੰ ਪੁਲਸ ਵਿੱਚ ਕਪਤਾਨ ਤੱਕ ਵੀ ਦੇਖਦੇ ਹਾਂ। ਇਹੀ ਕਾਰਨ ਹੈ ਕਿ ਫਿਲਮਾਂ ਬਣਾਉਣ ਵਾਲੇ ਵੀ ਆਪਣੀਆਂ ਫਿਲਮੀ ਕਹਾਣੀਆਂ ਵਿੱਚ ਕੁੜੀਆਂ ਨੂੰ ਜ਼ਿਆਦਾਤਰ ਪੁਲਸ ਅਫਸਰ ਦਰਸਾਉਂਦੇ ਹਨ।

ਮੈਨੂੰ ਬੜੀ ਚੰਗੀ ਤਰ੍ਹਾਂ ਯਾਦ ਹੈ ਕਿ ਅੱਜ ਤੋਂ 50-60 ਸਾਲ ਪਹਿਲਾਂ ਸਾਡੇ ਪਿੰਡ ਵਿੱਚ ਪਿੰਡ ਦੇ ਮੁੰਡੇ ਹਰ ਸਾਲ ਡਰਾਮੇ ਕਰਦੇ ਸਨ ਅਤੇ ਉਨ੍ਹਾਂ ਵਿੱਚ ਡਾਂਸਰ ਬਾਹਰੋਂ ਮੰਗਵਾਏ ਜਾਂਦੇ ਸਨ। ਇੱਕ ਵਾਰ ਅਜਿਹੇ ਹੀ ਇੱਕ ਡਰਾਮੇ ਵਿੱਚ ਸਾਡੇ ਪਿੰਡ ਪੰਜਾਬ ਦੇ ਮਸ਼ਹੂਰ ਡਾਂਸਰ ਮੁੰਦਰੀ ਤੇ ਪ੍ਰੇਮ ਦੀ ਜੋੜੀ ਨੇ ਇਹ ਗੀਤ ਗਾਇਆ ਸੀ :



'ਚੰਨ ਹੋ ਗਿਆ ਥਾਣੇਦਾਰ ਕਿ ਹੁਣ ਮੈਂ ਨਹੀਂ ਡਰਦੀ।

ਚਾਰ ਸਿਪਾਹੀ ਲੈ ਕੇ ਨਾਲ, ਮੈਂ ਪਿੰਡ ਵਿੱਚ ਦੇਊਂਗੀ ਗੇੜਾ।

ਫਿਰ ਵੇਖੂੰਗੀ, ਰੋਕਣ ਵਾਲਾ, ਜੰਮਿਆ ਮੈਨੂੰ ਕਿਹੜਾ

ਕੋਈ ਸਕੇ ਨਾ ਖੰਗੂਰਾ ਮਾਰ, ਦੇਊਂਗੀ ਜੇਲ੍ਹਾਂ ਦੇ ਵਾੜ।'

ਇਹ ਗੀਤ ਏਨਾ ਪਿਆਰਾ ਤੇ ਮਿਠਾਸ ਭਰਿਆ ਸੀ ਕਿ ਸੁਣਨ ਵਾਲਾ ਹਰ ਕੋਈ ਮੰਤਰ ਮੁਗਧ ਹੋ ਗਿਆ ਸੀ। ਮੈਂ ਵੀ ਅੱਜ ਤੱਕ ਇਸ ਗੀਤ ਨੂੰ ਨਹੀਂ ਭੁੱਲਿਆ। ਇਥੋਂ ਤੱਕ ਕਿ ਅੱਜ ਵੀ ਜਦੋਂ ਮੈਂ ਕਿਸੇ ਪੁਲਸ ਵਾਲੇ ਨੂੰ ਵੇਖਦਾਂ ਹਾਂ ਤਾਂ ਮੇਰਾ ਮਨ ਆਪਣੇ ਆਪ ਇਹ ਗੁਣਗੁਣਾਉਣ ਲੱਗਦਾ ਹੈ। ਗੱਲ ਸੋਲਾਂ ਆਨੇ ਸਹੀ ਹੈ, ਜਿਸ ਮੁਟਿਆਰ ਦਾ ਪਤੀ ਥਾਣੇਦਾਰ ਹੁੰਦਾ ਹੈ ਉਹ ਥਾਣੇਦਾਰਨੀ ਅਖਵਾਉਂਦੀ ਹੈ ਤੇ ਉਸ ਦਾ ਰੋਹਬ ਨਿਰਾਲਾ ਹੀ ਬਣ ਜਾਂਦਾ ਹੈ। ਜਦੋਂ ਸਾਰਾ ਸਮਾਜ ਇੱਕ ਹੋਣਹਾਰ, ਇਮਾਨਦਾਰ ਤੇ ਬਹਾਦਰ ਥਾਣੇਦਾਰ ਉੱਤੇ ਮਾਣ ਕਰਦਾ ਹੈ ਤਾਂ ਉਸ ਦੀ ਘਰਵਾਲੀ ਦਾ ਮਾਣ ਕਰਨਾ ਕੁਦਰਤੀ ਬਣਦਾ ਹੈ।

ਆਜ਼ਾਦੀ ਦੇ ਕਈ ਦਹਾਕਿਆਂ ਤੋਂ ਬਾਅਦ ਸਾਡਾ ਸਮਾਜ ਬਹੁਤ ਬਦਲ ਗਿਆ ਹੈ। ਦਿਨ-ਬ-ਦਿਨ ਲੋਕਾਂ ਦੇ ਮਨਾਂ ਵਿੱਚੋਂ ਪੁਲਸ ਦਾ ਡਰ ਘਟਦਾ ਜਾਂਦਾ ਹੈ। ਲੋਕ ਆਪਣੇ ਆਪ ਨੂੰ ਜ਼ਿਆਦਾ ਕਾਨੂੰਨੀ ਸਮਝਣ ਲੱਗੇ ਹਨ, ਪਰ ਇਸ ਘਟਦੇ ਡਰ ਦੇ ਕਾਰਨ ਸਮਾਜ ਵਿੱਚ ਬੇ-ਨਿਯਮੀਆਂ ਹੁੰਦੀਆਂ ਰਹਿੰਦੀਆਂ ਹਨ। ਜੇ ਅਸੀਂ ਅੱਜ ਦੇ ਵੱਡੇ ਹੋ ਰਹੇ ਬੱਚਿਆਂ ਦੀ ਗੱਲ ਕਰੀਏ ਤਾਂ ਵੇਖਣ ਵਿੱਚ ਆਉਂਦਾ ਹੈ ਕਿ ਉਹ ਨਾ ਆਪਣੇ ਅਧਿਆਪਕਾਂ ਤੋਂ, ਨਾ ਮਾਪਿਆਂ ਤੋਂ ਤੇ ਨਾ ਹੀ ਪੁਲਸ ਤੋਂ ਡਰਦੇ ਹਨ, ਪਰ ਇਹ ਸਭ ਉਨ੍ਹਾਂ ਲਈ ਘਾਤਕ ਹੀ ਹੁੰਦਾ ਹੈ।

# ਸ਼ਿਲਾਂਗ ਵਿੱਚ ਪੰਜਾਬੀਆਂ ਦੇ ਉਜਾੜੇ ਦਾ ਖਤਰਾ ਗੰਭੀਰ ਬਣਿਆ

ਚੰਡੀਗੜ੍ਹ, 5 ਜੂਨ (ਪੋਸਟ ਬਿਊਰੋ)- ਮੇਘਾਲਿਆ ਦੀ ਰਾਜਧਾਨੀ ਸ਼ਿਲਾਂਗ ਦੇ ਪੰਜਾਬੀ ਪਰਵਾਰਾਂ 'ਤੇ ਲਟਕ ਰਹੀ ਉਜਾੜੇ ਦੀ ਤਲਵਾਰ ਦਾ ਖਤਰਾ ਗੰਭੀਰ ਹੋ ਗਿਆ ਹੈ। ਓਥੋਂ ਦੇ ਉਪ ਮੁੱਖ ਮੰਤਰੀ ਦੀ ਅਗਵਾਈ ਹੇਠ ਉਚ ਪੱਧਰੀ ਕਮੇਟੀ ਦੀਆਂ ਹਦਾਇਤਾਂ ਤੋਂ ਬਾਅਦ ਸ਼ਿਲਾਂਗ ਮਿਉਂਸਪਲ ਬੋਰਡ ਨੇ 300 ਤੋਂ ਵੱਧ ਪਰਵਾਰਾਂ ਨੂੰ ਆਪਣੀਆਂ ਰਿਹਾਇਸ਼ੀ ਅਤੇ ਵਪਾਰਕ ਥਾਵਾਂ ਦੀ ਮਾਲਕੀ ਸਾਬਤ ਕਰਨ ਦੇ ਨੋਟਿਸ ਜਾਰੀ ਕਰ ਦਿੱਤੇ ਹਨ।



ਇਸ ਸੰਬੰਧ ਵਿੱਚ ਸ਼ਿਲਾਂਗ ਗੁਰਦੁਆਰਾ ਕਮੇਟੀ ਦੇ ਪ੍ਰਧਾਨ ਗੁਰਜੀਤ ਸਿੰਘ ਨੇ ਦੱਸਿਆ ਕਿ ਸਰਕਾਰ ਦੇ ਵਤੀਰੇ ਕਾਰਨ ਮਾਮਲਾ ਗੁੰਝਲਦਾਰ ਬਣਦਾ ਜਾ ਰਿਹਾ ਅਹੈ ਤੇ ਜ਼ਮੀਨ ਖਾਲੀ ਕਰਵਾਉਣ ਲਈ ਸਰਕਾਰ ਕਈ ਤਰ੍ਹਾਂ ਦੇ ਹੱਥਕੰਡੇ ਅਪਣਾ ਰਹੀ ਹੈ। ਉਨ੍ਹਾਂ ਦੱਸਿਆ ਕਿ ਦਿੱਲੀ ਗੁਰਦੁਆਰਾ ਮੈਨੇਜਮੈਂਟ ਕਮੇਟੀ ਦੇ ਵਕੀਲ ਨੇ ਮਿਉਂਸੀਪਲ ਬੋਰਡ ਨੂੰ ਕਾਨੂੰਨੀ ਨੋਟਿਸ ਭੇਜਿਆ ਹੈ, ਪਰ ਤਣਾਅ ਘੱਟ ਨਹੀਂ ਹੋ ਰਿਹਾ ਤੇ ਕਲੋਨੀ ਦੇ ਦੋਵੇਂ ਪਾਸੇ ਸੀ ਆਰ ਪੀ ਐਫ ਦਾ ਪਹਿਰਾ ਹੈ। ਉਨ੍ਹਾਂ ਦੱਸਿਆ ਕਿ 15 ਫਰਵਰੀ ਨੂੰ ਹਾਈ ਕੋਰਟ ਦੇ ਹੁਕਮਾਂ ਵਿੱਚ ਸਾਫ ਕਿਹਾ ਗਿਆ ਸੀ ਕਿ ਜਿੱਥੇ ਪੰਜਾਬੀ ਭਾਈਚਾਰਾ ਰਹਿੰਦਾ ਹੈ, ਉਸ ਜ਼ਮੀਨ ਦੇ ਵਿਵਾਦ ਬਾਰੇ ਹੇਠਲੀ ਅਦਾਲਤ ਵਿੱਚ ਦੀਵਾਨੀ ਕੇਸ ਕੀਤਾ ਜਾਵੇ। ਗੁਰਜੀਤ ਸਿੰਘ ਦਾ ਕਹਿਣਾ ਹੈ ਕਿ ਹਾਈ ਕੋਰਟ ਦੇ ਹੁਕਮਾਂ ਵਿੱਚ ਇਹ ਵੀ ਸਾਫ ਸੀ ਕਿ ਦੀਵਾਨੀ ਕੇਸ ਦੇ ਫੈਸਲੇ ਦੇ ਆਧਾਰ 'ਤੇ ਅਗਲੀ ਕਾਰਵਾਈ ਕੀਤੀ ਜਾਵੇ। ਇਸ ਤੋਂ ਇਲਾਵਾ ਕੌਮੀ ਘੱਟ ਗਿਣਤੀ ਕਮਿਸ਼ਨ ਤੇ ਕੌਮੀ ਮਨੁੱਖੀ ਅਧਿਕਾਰ ਕਮਿਸ਼ਨ ਨੇ ਵੀ ਮੇਘਾਲਿਆ ਸਰਕਾਰ ਨੂੰ ਹਦਾਇਤ ਕੀਤੀ ਸੀ ਕਿ ਕੋਈ ਕਾਰਵਾਈ ਕਰਨ ਤੋਂ ਪਹਿਲਾਂ ਮਾਮਲਾ ਉਨ੍ਹਾਂ ਦੇ ਧਿਆਨ ਵਿੱਚ ਲਿਆਂਦਾ ਜਾਵੇ।

ਗੁਰਜੀਤ ਸਿੰਘ ਨੇ ਦੱਸਿਆ ਕਿ ਸਰਕਾਰ ਵੱਲੋਂ ਜ਼ਮੀਨ ਹਥਿਆਉਣ ਲਈ ਸਰਕਾਰੀ ਮੁਲਾਜ਼ਮਾਂ ਨੂੰ ਕਿਹਾ ਜਾ ਰਿਹਾ ਹੈ ਕਿ ਜੱਦੀ ਪੁਸ਼ਤੀ ਟਿਕਾਣੇ ਨੂੰ ਛੱਡ ਕੇ ਸਰਕਾਰੀ ਕੁਆਰਟਰਾਂ ਵਿੱਚ ਰਿਹਾਇਸ਼ ਤਬਦੀਲ ਕਰ ਲਈ ਜਾਵੇ। ਗੁਰਦੁਆਰਾ ਕਮੇਟੀ ਦੇ ਪ੍ਰਧਾਨ ਨੇ ਕਿਹਾ ਕਿ ਸਰਕਾਰੀ ਨੌਕਰੀਆਂ ਤੋਂ ਸਮਾਂ ਪਾ ਕੇ ਮੁਲਾਜ਼ਮਾਂ ਨੇ ਸੇਵਾਮੁਕਤ ਹੋ ਜਾਣਾ ਹੈ, ਉਸ ਮਗਰੋਂ ਕੀ ਬਣੇਗਾ। ਉਨ੍ਹਾਂ ਕਿਹਾ ਕਿ ਮੁਲਾਜ਼ਮਾਂ ਦੀ ਗਿਣਤੀ 200 ਦੇ ਕਰੀਬ ਹੈ ਤੇ ਉਨ੍ਹਾਂ ਨੂੰ ਜ਼ਮੀਨ ਖਾਲੀ ਕਰਨ ਬਾਰੇ ਕਹਿ ਕੇ ਹੋਰਨਾਂ ਨੂੰ ਘਰ ਛੱਡਣ ਨੂੰ ਮਜਬੂਰ ਕੀਤਾ ਜਾ ਸਕਦਾ ਹੈ। ਉਨ੍ਹਾਂ ਕਿਹਾ ਕਿ ਇਹ ਜ਼ਮੀਨ ਅੰਗਰੇਜ਼ ਹਕੂਮਤ ਸਮੇਂ ਉਦੋਂ ਦੇ ਸ਼ਾਸਕ ਨੇ 1863 ਵਿੱਚ ਦਿੱਤੀ ਸੀ ਤੇ ਇਸ ਸਮੇਂ ਇਥੇ ਦੋ ਹਜ਼ਾਰ ਦੇ ਕਰੀਬ ਪੰਜਾਬੀ ਵੱਸਦੇ ਹਨ। ਇਸ ਥਾਂ ਗੁਰੂ ਨਾਨਕ ਸਕੂਲ, ਇਕ ਗੁਰਦੁ-ਆਰਾ, ਦੋ ਮੰਦਰ ਅਤੇ ਇਕ ਗਿਰਜਾ ਘਰ ਵੀ ਬਣੇ ਹੋਏ ਹਨ, ਪਰ ਮਿਉਂਸੀਪਲ ਬੋਰਡ ਵੱਲੋਂ ਜਿਸ ਤਰ੍ਹਾਂ ਦਫਾ 144 ਲਾ ਕੇ ਲੋਕਾਂ ਨੂੰ ਮਾਲਕੀ ਸਾਬਤ ਕਰਨ ਦੇ ਨੋਟਿਸ ਦਿੱਤੇ ਗਏ ਹਨ ਤੇ ਜੋ ਵਿਅਕਤੀ ਆਪਣੇ ਘਰਾਂ ਵਿੱਚ ਨਹੀਂ ਸਨ, ਉਨ੍ਹਾਂ ਵਿਅਕਤੀਆਂ ਦੇ ਘਰਾਂ ਦੇ ਬਾਹਰ ਨੋਟਿਸ ਚਿਪਕਾ ਦਿੱਤੇ ਹਨ, ਉਸ ਨਾਲ ਪੰਜਾਬੀ ਪਰਵਾਰ ਸਹਿਮੇ ਹੋਏ ਹਨ। ਗੁਰਜੀਤ ਸਿੰਘ ਨੇ ਕਿਹਾ ਕਿ ਮਾਲਕੀ ਸਾਬਤ ਕਰਨ ਲਈ ਦਿੱਤੇ ਨੋਟਿਸ ਸਪੱਸ਼ਟ ਤੌਰ 'ਤੇ ਹਾਈ ਕੋਰਟ ਦੇ ਹੁਕਮਾਂ ਦੀ ਉਲੰਘਣਾ ਹਨ। ਉਨ੍ਹਾਂ ਕਿਹਾ ਕਿ ਜਦ ਹਾਈ ਕੋਰਟ ਨੇ ਇਸ ਵਿਵਾਦ ਨੂੰ ਦੀਵਾਨੀ ਕੇਸ ਕਰਾਰ ਦੇ ਕੇ ਹੇਠਲੀ ਅਦਾਲਤ 'ਚ ਜਾਣ ਦੇ ਹੁਕਮ ਦਿੱਤੇ ਹਨ ਤਾਂ ਸਰਕਾਰ ਅਤੇ ਮਿਉਂਸੀਪਲ ਬੋਰਡ ਨੂੰ ਹਾਈ ਕੋਰਟ ਦੇ ਹੁਕਮਾਂ ਦੀ ਰੌਸ਼ਨੀ 'ਚ ਹੀ ਕੰਮ ਕਰਨਾ ਚਾਹੀਦਾ ਹੈ। ਉਨ੍ਹਾਂ ਇਹ ਵੀ ਕਿਹਾ ਕਿ ਉਹ ਆਪਣੇ ਤੌਰ 'ਤੇ ਕਾਨੂੰਨੀ ਚਾਰਾਜੋਈ ਕਰ ਰਹੇ ਹਨ ਤੇ ਦਿੱਲੀ ਕਮੇਟੀ ਦੇ ਵਕੀਲ ਦੀਆਂ ਵੀ ਸੇਵਾਵਾਂ ਲਈਆਂ ਜਾ ਰਹੀਆਂ ਹਨ।

# ਸਾਬਕਾ ਫੌਜੀਆਂ ਅਤੇ ਪੁਲਸ ਅਫਸਰਾਂ ਨੂੰ ਨਿਸ਼ਾਨਾ ਬਣਾਉਣ ਬਾਰੇ ਇਨਪੁਟ ਮੁੱਖ ਮੰਤਰੀ ਵੱਲੋਂ ਰੱਦ

ਚੰਡੀਗੜ੍ਹ, 5 ਜੂਨ (ਪੋਸਟ ਬਿਊਰੋ)- ਪੰਜਾਬ ਦੇ ਉਚ ਅਧਿਕਾਰੀਆਂ ਦੀ ਵਿਸ਼ੇਸ਼ ਮੀਟਿੰਗ ਦੌਰਾਨ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਇਸ ਰਾਜ ਦੀ ਅੰਦਰੂਨੀ ਸੁਰੱਖਿਆ ਤੇ ਕਾਨੂੰਨ ਵਿਵਸਥਾ ਦੀ ਸਥਿਤੀ ਦਾ ਜਾਇਜ਼ਾ ਲਿਆ ਤਾਂ ਇਸ ਮੌਕੇ ਉਨ੍ਹਾਂ ਨੇ ਇਸ ਤਰ੍ਹਾਂ ਦੀਆਂ ਖੁਫੀਆ ਰਿਪੋਰਟਾਂ ਦੀ ਸੱਚਾਈ 'ਤੇ ਸ਼ੱਕ ਪ੍ਰਗਟ ਕੀਤਾ, ਜਿਸ ਵਿੱਚ ਪੰਜਾਬ ਵਿੱਚ ਆਈ ਐਸ ਆਈ ਵੱਲੋਂ ਖਾੜਕੂਵਾਦ ਨੂੰ ਮੁੜ ਪੈਦਾ ਕਰਨ ਦੀ ਕੋਸ਼ਿਸ਼ ਦੇ ਤੌਰ ਉੱਤੇ ਸਾਬਕਾ ਫੌਜੀਆਂ ਅਤੇ ਪੁਲਸ ਅਧਿਕਾਰੀਆਂ ਨੂੰ ਨਿਸ਼ਾਨਾ ਬਣਾਉਣ ਦੀ ਗੱਲ ਕਹੀ ਜਾ ਰਹੀ ਹੈ।



ਉਂਜ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਪੰਜਾਬ ਦੇ ਉੱਚ ਪੁਲਸ ਅਤੇ ਸਿਵਲ ਅਧਿਕਾਰੀਆਂ ਨੂੰ ਨਿਰਦੇਸ਼ ਦਿੱਤੇ ਹਨ ਕਿ ਉਹ ਰਾਜ ਵਿੱਚ ਸ਼ਾਂਤੀ ਅਤੇ ਸਦਭਾਵਨਾ ਨੂੰ ਕਾਇਮ ਰੱਖਣ ਲਈ ਹਰ ਸੰਭਵ ਕਦਮ ਚੁੱਕੇ ਜਾਣ ਨੂੰ ਯਕੀਨੀ ਬਣਾਉਣ। ਉਨ੍ਹਾਂ ਕਿਹਾ ਕਿ ਇਹ ਖੁਫੀਆ ਰਿਪੋਰਟਾਂ ਜ਼ਮੀਨੀ ਹਕੀਕਤ ਤੋਂ ਦੂਰ ਅਤੇ ਬੇਬੁਨਿਆਦ ਲੱਗਦੀਆਂ ਹਨ। ਮੁੱਖ ਮੰਤਰੀ ਨੇ ਪੁਲਸ ਅਫਸਰਾਂ ਨੂੰ ਅਜਿਹੀਆਂ ਰਿਪੋਰਟਾਂ ਦੀ ਪੁਸ਼ਟੀ ਅਤੇ ਅਫਵਾਹਾਂ ਦੇ ਫੈਲਣ ਨੂੰ ਰੋਕਣ ਲਈ ਸਾਰੇ ਕਦਮ ਚੁੱਕਣ ਲਈ ਕਿਹਾ ਹੈ, ਕਿਉਂਕਿ ਇਹ ਰਿਪੋਰਟਾਂ ਆਮ ਲੋਕਾਂ ਵਿੱਚ ਦਹਿਸ਼ਤ ਪੈਦਾ ਕਰ ਸਕਦੀਆਂ ਹਨ। ਮੁੱਖ ਮੰਤਰੀ ਨੇ ਸਪੱਸ਼ਟ ਕੀਤਾ ਕਿ ਉਨ੍ਹਾਂ ਦੀ ਸਰਕਾਰ ਕਿਸੇ ਕੀਮਤ 'ਤੇ ਰਾਜ ਦੀ ਸ਼ਾਂਤੀ ਅਤੇ ਕਾਨੂੰਨ ਵਿਵਸਥਾ ਨੂੰ ਭੰਗ ਕਰਨ ਦੀ ਕਿਸੇ ਨੂੰ ਆਗਿਆ ਨਹੀਂ ਦੇਵੇਗੀ।

ਵਰਨਣ ਯੋਗ ਹੈ ਕਿ ਪੰਜਾਬ ਪੁਲਸ ਵੱਲੋਂ ਪਾਕਿਸਤਾਨ ਵਿਚਲੇ ਖਾਲਿਸਤਾਨ ਲਿਬਰੇਸ਼ਨ ਫੋਰਸ (ਕੇ ਐੱਲ ਐੱਫ) ਦੇ ਆਗੂ ਹਰਮੀਤ ਸਿੰਘ ਉਰਫ ਹੈਪੀ ਪੀ ਐੱਚ ਡੀ ਵੱਲੋਂ ਬਲਿਊ ਸਟਾਰ ਆਪਰੇਸ਼ਨ ਦੀ ਵਰ੍ਹੇਗੰਢ ਮੌਕੇ ਹਮਲੇ ਕਰਨ ਦੀਆਂ ਸਾਜ਼ਿਸ਼ਾਂ ਕਰਨ ਬਾਰੇ ਮੀਡੀਆ ਨੂੰ ਕਹੇ ਜਾਣ ਤੋਂ ਇੱਕ ਦਿਨ ਬਾਅਦ ਇਹ ਮੀਟਿੰਗ ਹੋਈ ਹੈ। ਪੁਲਸ ਵੱਲੋਂ ਇਹ ਪ੍ਰਗਟਾਵਾ ਅੰਮ੍ਰਿਤਸਰ ਜ਼ਿਲ੍ਹੇ ਦੀ ਅਜਨਾਲਾ ਸਬ ਡਵੀਜ਼ਨ ਦੇ ਕੁੱਕੜਾਂਵਾਲਾ ਅੱਡਾ ਤੋਂ ਫੜੇ ਗਏ ਹੈਂਡ ਗਰਨੇਡਾਂ ਦੇ ਸੰਬੰਧ ਵਿੱਚ ਕੀਤਾ ਗਿਆ ਸੀ। ਜਾਂਚ ਪਿੱਛੋਂ ਪੁਲਸ ਨੇ ਕਿਹਾ ਸੀ ਕਿ ਇਹ ਵਿਸ਼ਵਾਸ ਹੈ ਕਿ ਰਾਜਾਸਾਂਸੀ ਵਿੱਚ ਨਿਰੰਕਾਰੀ ਭਵਨ 'ਤੇ ਗ੍ਰਨੇਡ ਨਾਲ ਹਮਲਾ ਕਰਨ ਵਾਲਾ ਸ਼ੱਕੀ ਹੈਪੀ ਪੀ ਐਚ ਡੀ ਪਾਕਿਸਤਾਨ ਤੋਂ ਹੈਂਡ ਗਰਨੇਡ ਸਮੱਗਲ ਕਰਨ ਦੇ ਪਿੱਛੇ ਹੈ। ਇਸ ਘਟਨਾ ਬਾਰੇ ਪੁਲਸ ਅਧਿਕਾਰੀਆਂ ਨੇ ਮੁੱਖ ਮੰਤਰੀ ਨੂੰ ਦੱਸਿਆ ਕਿ ਗ੍ਰਨੇਡ ਅਤੇ ਇਨ੍ਹਾਂ ਨੂੰ ਸਮੱਗਲ ਕੀਤੇ ਜਾਣ ਵਾਲੇ ਰਸਤਿਆਂ ਸੰਬੰਧੀ ਹੋਰ ਜਾਣਕਾਰੀਆਂ ਦੀ ਵਿਸਥਾਰਤ ਜਾਂਚ ਕੀਤੀ ਜਾ ਰਹੀ ਹੈ।

# ਅਪਰਾਧਕ ਮਾਣਹਾਨੀ ਕੇਸ ਵਿੱਚ ਅਦਾਲਤ ਨੇ ਰਾਧੇ ਮਾਂ ਨੂੰ ਸੰਮਨ ਜਾਰੀ ਕੀਤੇ



ਕਪੂਰਥਲਾ, 5 ਜੂਨ (ਪੋਸਟ ਬਿਊਰੋ)- ਕਪੂਰਥਲਾ ਦੇ ਐਡੀਸ਼ਨਲ ਚੀਫ ਜੁਡੀਸ਼ਲ ਮੈਜਿਸਟਰੇਟ ਸ੍ਰੀਮਤੀ ਜਸਵੀਰ ਕੌਰ ਨੇ ਫਗਵਾੜਾ ਦੇ ਸੁਰਿੰਦਰ ਮਿੱਤਲ ਵੱਲੋਂ ਦਾਇਰ ਅਪਰਾਧਕ ਮਾਣਹਾਨੀ ਕੇਸ ਵਿੱਚ ਵਿਵਾਦਿਤ ਧਰਮ ਗੁਰੂ ਰਾਧੇ ਮਾਂ ਨੂੰ ਸੰਮਨ ਜਾਰੀ ਕਰ ਕੇ 26 ਅਗਸਤ 2019 ਨੂੰ ਪੇਸ਼ ਹੋਣ ਲਈ ਹੁਕਮ ਦਿੱਤੇ ਹਨ।

ਵਰਨਣ ਯੋਗ ਹੈ ਕਿ ਸੁਰਿੰਦਰ ਮਿੱਤਲ ਨੇ 2015 ਵਿੱਚ ਰਾਧੇ ਮਾਂ ਦੇ ਖਿਲਾਫ ਫਗਵਾੜਾ ਦੀ ਇੱਕ ਅਦਾਲਤ ਵਿੱਚ ਅਪਰਾਧਕ ਮਾਣਹਾਨੀ ਦਾ ਕੇਸ ਦਾਇਰ ਕੀਤਾ ਸੀ। ਬਾਅਦ ਵਿੱਚ ਇਸ ਕੇਸ ਨੂੰ ਕਪੂਰਥਲਾ ਟਰਾਂਸਫਰ ਕਰ ਦਿੱਤਾ ਗਿਆ ਸੀ। ਸਾਲ 2015 ਵਿੱਚ ਸੁਰਿੰਦਰ ਮਿੱਤਲ ਨੇ ਇੱਕ ਆਡੀਓ ਕਲਿਪ ਜਾਰੀ ਕਰ ਕੇ ਕਿਹਾ ਸੀ ਕਿ ਸੁਖਵਿੰਦਰ ਕੌਰ ਉਰਫ ਰਾਧੇ ਮਾਂ ਉਸ ਨੂੰ ਫੋਨ ਕਰ ਕੇ ਵਾਰ-ਵਾਰ ਪਰੇਸ਼ਾਨ ਕਰਦੀ ਅਤੇ ਉਸ ਦੇ ਖਿਲਾਫ ਨਾ ਬੋਲਣ ਲਈ ਪੈਸਿਆਂ ਦਾ ਲਾਲਚ ਦਿੰਦੀ ਹੈ। ਜਦੋਂ ਮਿੱਤਲ ਉਸ ਦੇ ਪੈਸਿਆਂ ਦੇ ਜਾਲ ਵਿੱਚ ਨਹੀਂ ਫਸਿਆ ਤਾਂ ਉਸ ਨੇ ਪਿਆਰ ਦੇ ਜਾਲ ਵਿੱਚ ਫਸਾਉਣ ਦੀ ਕੋਸ਼ਿਸ਼ ਕੀਤੀ, ਪਰ ਫਿਰ ਵੀ ਗੱਲ ਨਾ ਬਣੀ ਤਾਂ ਉਸ ਨੇ ਭਸਮ ਕਰਨ ਦੀਆਂ ਧਮਕੀਆਂ ਦੇਣੀਆਂ ਸ਼ੁਰੂ ਕਰ ਦਿੱਤੀਆਂ। ਇਹ ਸਾਰਾ ਕੁਝ ਆਡੀਓ ਕਲਿਪ ਵਿੱਚ ਰਿਕਾਰਡ ਹੈ ਅਤੇ ਇਸ ਦੀ ਇਲੈਕਟ੍ਰਾਨਿ ਚਿਪ ਨਿਊਜ਼ ਚੈਨਲਾਂ ਤੇ ਪ੍ਰਿੰਟ ਮੀਡੀਆ ਵਿੱਚ ਕਾਫੀ ਚਰਚਿਤ ਹੋਈ ਸੀ। ਰਾਧੇ ਮਾਂ ਨੇ ਬਾਅਦ ਵਿੱਚ ਮੀਡੀਆ ਵਿੱਚ ਇਹ ਬਿਆਨ ਦਿੱਤਾ ਕਿ ਸੁਰਿੰਦਰ ਮਿੱਤਲ, ਜੋ ਖੁਦ ਬਲਾਤਕਾਰ ਦਾ ਦੋਸ਼ੀ ਹੈ, ਮੇਰੇ ਉਤੇ ਦੋਸ਼ ਲਾ ਰਿਹਾ ਅਤੇ ਬੇਤਮਲਬ ਦੀਆਂ ਗੱਲਾਂ ਕਰਦਾ ਹੈ, ਮਿੱਤਲ ਉਤੇ ਵੱਖ-ਵੱਖ ਥਾਣਿਆਂ ਵਿੱਚ ਚਾਰ ਜਗ੍ਹਾ ਬਲਾਤਕਾਰ ਦੇ ਦੋਸ਼ ਹਨ। ਰਾਧੇ ਮਾਂ ਨੇ ਕਿਹਾ ਕਿ ਸੰਜੀਵ ਗੁਪਤਾ ਤੋਂ ਉਨ੍ਹਾਂ ਨੂੰ ਜਾਣਕਾਰੀ ਮਿਲੀ ਹੈ ਕਿ ਮਿੱਤਲ ਉੱਤੇ ਵੱਖ ਵੱਖ ਮਾਮਲਿਆਂ ਦੇ ਚਾਲੀ ਤੋਂ ਵੱਧ ਕੇਸ ਦਰਜ ਹਨ, ਇਸ ਲਈ ਇਸ ਵਿਅਕਤੀ ਉਤੇ ਕਿਵੇਂ ਭਰੋਸਾ ਕੀਤਾ ਜਾ ਸਕਦਾ ਹੈ। ਰਾਧੇ ਮਾਂ ਦੇ ਇਸ ਝੂਠੇ ਬਿਆਨ ਬਾਰੇ ਸੁਰਿੰਦਰ ਮਿੱਤਲ ਨੇ ਉਨ੍ਹਾਂ 'ਤੇ ਮਾਣਹਾਨੀ ਦਾ ਕੇਸ ਦਰਜ ਕਰਵਾ ਦਿੱਤਾ ਸੀ। ਚਾਰ ਸਾਲ ਅਦਾਲਤ ਵਿੱਚ ਸੁਣਵਾਈ ਚੱਲਦੀ ਰਹੀ ਅਤੇ ਆਖਰ ਏ ਸੀ ਜੇ ਐਮ ਸ੍ਰੀਮਤੀ ਜਸਵੀਰ ਕੌਰ ਨੇ ਮਿੱਤਲ ਦੇ ਵਕੀਲ ਜੇ ਜੇ ਐਸ ਅਰੋੜਾ ਦੀਆਂ ਦਲੀਲ ਸੁਣਨ ਪਿੱਛੋਂ ਰਾਧੇ ਮਾਂ ਨੂੰ 26 ਅਗਸਤ ਨੂੰ ਪੇਸ਼ ਹੋਣ ਲਈ ਹੁਕਮ ਜਾਰੀ ਕੀਤੇ ਹਨ।

# 40 ਸਾਲਾਂ ਪਿੱਛੋਂ ਉਸੇ ਜਗ੍ਹਾ ਉਸੇ ਦਾਤਰ ਨਾਲ ਲਹੂ-ਲੁਹਾਨ ਕਰ ਕੇ ਬਦਲਾ ਲਿਆ

ਲਾਂਬੜਾ, 5 ਜੂਨ (ਪੋਸਟ ਬਿਊਰੋ)- ਥਾਣਾ ਲਾਂਬੜਾ ਦੇ ਪਿੰਡ ਰਾਮਪੁਰ ਲੱਲੀਆਂ ਵਿਖੇ ਕੱਲ੍ਹ ਫਿਲਮੀ ਸਟਾਈਲ ਵਿੱਚ ਇੱਕ ਘਟਨਾ ਵਾਪਰੀ, ਜਿਸ ਵਿੱਚ ਇੱਕ ਵਿਅਕਤੀ ਨੇ ਚਾਲੀ ਸਾਲਾਂ ਪਿੱਛੋਂ ਆਪਣੀ ਦੁਸ਼ਮਣੀ ਦਾ ਬਦਲਾ ਲੈਣ ਲਈ ਵਿਅਕਤੀ 'ਤੇ ਦਾਤਰ ਨਾਲ ਵਾਰ ਕਰ ਕੇ ਉਸ ਨੂੰ ਗੰਭੀਰ ਜ਼ਖਮੀ ਕਰ ਦਿੱਤਾ। ਇਸ ਸੰਬੰਧ ਵਿੱਚ ਲਾਂਬੜਾ ਪੁਲਸ ਨੇ ਕੇਸ ਦਰਜ ਕਰ ਕੇ ਮੁਲਜ਼ਮ ਨੂੰ ਗ੍ਰਿਫਤਾਰ ਕਰ ਲਿਆ ਹੈ।



ਪੁਲਸ ਨੇ ਦੱਸਿਆ ਕਿ ਰਾਮ ਮੂਰਤੀ ਪੁੱਤਰ ਬਿਆਜ਼ ਚੰਦ ਵਾਸੀ ਯੂ ਪੀ ਹਾਲ ਵਾਸੀ ਰਾਮਪੁਰ ਲੱਲੀਆਂ ਨੇ ਬਿਆਨ ਦਿੱਤੇ ਹਨ ਕਿ ਉਹ ਆਪਣੇ ਚਾਚੇ ਗੋਕੁਲ ਉਰਫ ਰਾਮ ਪੁੱਤਰ ਬਿੰਰਦਾ ਹਾਲ ਵਾਸੀ ਰਾਮਪੁਰ ਨਾਲ ਪਿੰਡ ਵਿੱਚ ਗੁਰਦਿਆਲ ਸਿੰਘ ਦੇ ਖੂਹ ਉੱਤੇ ਰਹਿੰਦਾ ਹੈ ਅਤੇ ਉਹ ਮਿਹਨਤ-ਮਜ਼ਦੂਰੀ ਦਾ ਕੰਮ ਕਰਦੇ ਹਨ। ਉਸ ਨੇ ਦੱਸਿਆ ਕਿ ਕੱਲ੍ਹ ਸਵੇਰੇ ਕਰੀਬ 11 ਵਜੇ ਵਿਸ਼ਵਨਾਥ ਉਰਫ ਵਿਸ਼ਨੂੰ, ਜੋ ਉਨ੍ਹਾਂ ਦੇ ਪਿੰਡ ਹੀ ਰਹਿੰਦਾ ਹੈ, ਗੁਰਦਿਆਲ ਸਿੰਘ ਦੇ ਖੂਹ 'ਤੇ ਆਇਆ ਤੇ ਉਸ ਦੇ ਚਾਚੇ ਨਾਲ ਗਾਲੀ-ਗਲੋਚ ਕਰਨ ਲੱਗਾ। ਜਦ ਉਸ ਦੇ ਚਾਚੇ ਨੇ ਵਿਰੋਧ ਕੀਤਾ ਤਾਂ ਵਿਸ਼ਵਨਾਥ ਨੇ ਦਾਤਰ ਕੱਢ ਕੇ ਉਸ ਦੇ ਚਾਚੇ ਉਤੇ ਹਮਲਾ ਕਰ ਦਿੱਤਾ। ਉਸ ਦਾ ਚਾਚਾ ਲਹੂ-ਲੁਹਾਨ ਹੋ ਕੇ ਜ਼ਮੀਨ 'ਤੇ ਡਿੱਗ ਪਿਆ। ਰਾਮ ਮੂਰਤੀ ਨੇ ਦੱਸਿਆ ਕਿ ਉਸ ਨੇ ਰੌਲਾ ਪਾਇਆ ਤਾਂ ਲੋਕ ਇਕੱਠੇ ਹੋ ਗਏ, ਜਿਨ੍ਹਾਂ ਨੂੰ ਦੇਖ ਕੇ ਦੋਸ਼ੀਂ ਫਰਾਰ ਹੋ ਗਿਆ। ਗੰਭੀਰ ਜ਼ਖਮੀ ਨੂੰ ਇਲਾਜ ਲਈ ਸਿਵਲ ਹਸਪਤਾਲ ਜਲੰਧਰ ਦਾਖਲ ਕਰਾਇਆ ਗਿਆ, ਜਿੱਥੇ ਉਸ ਦੀ ਹਾਲਤ ਗੰਭੀਰ ਦੱਸੀ ਜਾਂਦੀ ਹੈ।

ਥਾਣਾ ਮੁਖੀ ਬਿਕਰਮਜੀਤ ਸਿੰਘ ਨੇ ਦੱਸਿਆ ਕਿ ਦੋਸ਼ੀ ਵਿਸ਼ਵਨਾਥ ਨੂੰ ਗ੍ਰਿਫਤਾਰ ਕਰ ਲਿਆ ਹੈ। ਗ੍ਰਿਫਤਾਰ ਕੀਤੇ ਦੋਸ਼ੀ ਵਿਸ਼ਵਨਾਥ ਨੇ ਪੁਲਸ ਨੂੰ ਕਈ ਸਾਲ ਪੁਰਾਣੀ ਦੁਸ਼ਮਣੀ ਦੀ ਹੈਰਾਨੀ ਵਾਲੀ ਕਹਾਣੀ ਦੱਸੀ ਹੈ। ਕਰੀਬ ਚਾਲੀ ਸਾਲ ਪਹਿਲਾਂ ਸਾਲ 1979 ਵਿੱਚ ਇਸੇ ਗੋਕੁਲ ਉਰਫ ਰਾਮ, ਜੋ ਗੰਭੀਰ ਜ਼ਖਮੀ ਹੈ, ਨੇ ਇਸੇ ਸਥਾਨ ਉੱਤੇ ਅਤੇ ਇਸੇ ਦਾਤਰ ਨਾਲ ਵਿਸ਼ਵਨਾਥ ਨੂੰ ਗੰਭੀਰ ਜ਼ਖਮੀ ਕਰ ਦਿੱਤਾ ਸੀ। ਇਸ ਤੋਂ ਬਾਅਦ ਦਿਲ ਵਿੱਚ ਦੁਸ਼ਮਣੀ ਪਾਲੀ ਬੈਠਾ ਵਿਸ਼ਵਨਾਥ ਆਪਣੇ ਪਿੰਡ ਯੂ ਪੀ ਚਲਾ ਗਿਆ। ਕੁਝ ਦੇਰ ਬਾਅਦ ਉਸ ਨੇ ਵਿਆਹ ਕਰਵਾਇਆ, ਫਿਰ ਉਸ ਦੇ ਬੱਚੇ ਪੈਦਾ ਹੋਏ। ਇਹ ਦੁਸ਼ਮਣੀ ਵਾਲੀ ਗੱਲ ਉਸ ਨੇ ਆਪਣੀ ਪਤਨੀ ਨੂੰ ਵੀ ਦੱਸੀ, ਪਰ ਉਸ ਸਮੇਂ ਉਸ ਦੀ ਪਤਨੀ ਨੇ ਬੱਚਿਆਂ ਦਾ ਵਾਸਤਾ ਦੇ ਕੇ ਉਸ ਨੂੰ ਇਸ ਤਰ੍ਹਾਂ ਕੁਝ ਕਰਨ ਤੋਂ ਰੋਕ ਦਿੱਤਾ। ਸਮਾਂ ਬੀਤਿਆ ਅਤੇ ਬੱਚਿਆਂ ਦੇ ਵਿਆਹ ਹੋ ਗਏ। ਉਸ ਤੋਂ ਕੁਝ ਸਮੇਂ ਬਾਅਦ ਉਸ ਦੀ ਪਤਨੀ ਦੀ ਮੌਤ ਹੋ ਗਈ ਤਾਂ ਵਿਸ਼ਵਨਾਥ ਨੇ ਸੋਚਿਆ ਕਿ ਉਸ 'ਤੇ ਪਰਵਾਰ ਦਾ ਕੋਈ ਦਬਾਅ ਨਹੀਂ ਹੈ, ਇਸ ਲਈ ਉਹ ਚਾਲੀ ਸਾਲ ਪੁਰਾਣੀ ਦੁਸ਼ਮਣੀ ਦਾ ਬਦਲਾ ਲੈਣ ਲਈ ਆਜ਼ਾਦ ਹੈ। ਵਿਸ਼ਵਨਾਥ ਨੇ ਕਿਹਾ ਕਿ ਅੱਜ ਉਸ ਨੇ ਆਪਣਾ ਬਦਲਾ ਲਿਆ ਹੈ, ਉਸ ਨੂੰ ਜਿਸ ਦਾਤਰ ਨਾਲ ਚਾਲੀ ਸਾਲ ਪਹਿਲਾਂ ਗੰਭੀਰ ਜ਼ਖਮੀ ਕੀਤਾ ਗਿਆ ਸੀ, ਉਸ ਨੇ ਉਸੇ ਦਾਤਰ ਨਾਲ ਬਦਲਾ ਪੂਰਾ ਕਰਨ ਲਈ ਦਾਤਰ ਸੰਭਾਲ ਕੇ ਰੱਖਿਆ ਸੀ।

# ਚਾਲ ਚੱਲਣ ਦੇ ਸ਼ੱਕ ਕਾਰਨ ਪਤਨੀ ਦਾ ਗਲਾ ਘੁੱਟ ਕੇ ਕਤਲ

ਸ੍ਰੀ ਮੁਕਤਸਰ ਸਾਹਿਬ, 5 ਜੂਨ (ਪੋਸਟ ਬਿਊਰੋ)- ਪਿੰਡ ਮਦਰੱਸਾ ਵਿਖੇ ਇਕ ਆਦਮੀ ਵੱਲੋਂ ਪਤਨੀ ਦਾ ਗਲਾ ਘੁੱਟ ਕੇ ਕਤਲ ਕਰਨ ਦਾ ਕੇਸ ਸਾਹਮਣੇ ਆਇਆ ਹੈ। ਥਾਣਾ ਲੱਖੇਵਾਲੀ ਪੁਲਸ ਨੇ ਕੇਸ ਦਰਜ ਕਰ ਲਿਆ ਹੈ।

ਪਤਾ ਲੱਗਾ ਹੈ ਕਿ ਸੋਮਾ ਰਾਣੀ (22) ਪੁੱਤਰੀ ਰਾਮ ਸਿੰਘ ਪਿੰਡ ਮਦਰੱਸਾ ਜ਼ਿਲਾ ਮੁਕਤਸਰ ਸਾਹਿਬ ਦਾ ਵਿਆਹ ਚਾਰ ਸਾਲ ਪਹਿਲਾਂ ਛਿੰਦਰਪਾਲ ਸਿੰਘ ਪੁੱਤਰ ਬਲਵੀਰ ਸਿੰਘ ਪਿੰਡ ਪਾਲੀ ਵਾਲਾ ਜ਼ਿਲਾ ਫਾਜ਼ਿਲਕਾ ਨਾਲ ਹੋਇਆ ਸੀ। ਵਿਆਹ ਤੋਂ ਕੁਝ ਸਮਾਂ ਬਾਅਦ ਉਨ੍ਹਾਂ ਦਾ ਘਰੇਲੂ ਝਗੜਾ ਰਹਿਣ ਲੱਗ ਪਿਆ। ਸੋਮਾ ਰਾਣੀ ਦੇ ਤਿੰਨ ਸਾਲਾਂ ਦੀ ਲੜਕੀ ਹੈ, ਜੋ ਕਾਫੀ ਸਮੇਂ ਤੋਂ ਨਾਨਕਾ ਪਰਵਾਰ ਕੋਲ ਰਹਿ ਰਹੀ ਹੈ। ਸੋਮਾ ਦਾ ਪਤੀ ਛਿੰਦਰਪਾਲ ਉਸ ਦੇ ਚਰਿੱਤਰ ਦੇ ਸ਼ੱਕ ਕਰਦਾ ਸੀ, ਜਿਸ ਕਾਰਨ ਘਰ 'ਚ ਅਕਸਰ ਕਲੇਸ਼ ਰਹਿੰਦਾ ਸੀ। ਤਿੰਨ ਮਹੀਨੇ ਪਹਿਲਾਂ ਕਲੇਸ਼ ਤੋਂ ਤੰਗ ਆ ਕੇ ਸੋਮਾ ਰਾਣੀ ਆਪਣੇ ਪੇਕੇ ਪਿੰਡ ਆ ਗਈ ਅਤੇ ਥਾਣਾ ਵੈਰੋਕੇ ਵਿਖੇ ਸ਼ਿਕਾਇਤ ਕਰ ਦਿੱਤੀ ਸੀ। ਮ੍ਰਿਤਕਾ ਦੇ ਪਿਤਾ ਰਾਮ ਸਿੰਘ ਨੇ ਦੱਸਿਆ ਕਿ ਬੀਤੇ ਦਿਨੀਂ ਉਸ ਦੇ ਜਵਾਈ ਛਿੰਦਰਪਾਲ ਸਿੰਘ ਦਾ ਫੋਨ ਆਇਆ ਕਿ ਉਹ ਤੇ ਉਸ ਦਾ ਭਰਾ ਸੋਮਾ ਰਾਣੀ ਨੂੰ ਲੈਣ ਲਈ ਆ ਰਹੇ ਹਨ, ਪਰ ਉਨ੍ਹਾਂ ਨੇ ਸੋਮਾ ਨੂੰ ਭੇਜਣ ਤੋਂ ਮਨ੍ਹਾ ਕਰ ਦਿੱਤਾ। ਕੱਲ੍ਹ ਸਵੇਰੇ ਜਦ ਉਹ ਉਠੇ ਤਾਂ ਲੜਕੀ ਘਰੋਂ ਗਾਇਬ ਸੀ। ਭਾਲ ਕਰਨ 'ਤੇ ਉਸ ਦੀ ਲਾਸ਼ ਪਿੰਡ ਦੇ ਬਲਵਿੰਦਰ ਸਿੰਘ ਦੇ ਖੇਤਾਂ 'ਚੋਂ ਮਿਲੀ। ਮ੍ਰਿਤਕਾ ਦੇ ਪਿਤਾ ਨੇ ਦੋਸ਼ ਲਾਇਆ ਕਿ ਛਿੰਦਰਪਾਲ ਸਿੰਘ ਅਤੇ ਉਸ ਦੇ ਭਰਾ ਕੁਲਦੀਪ ਸਿੰਘ ਨੇ ਸੋਮਾ ਦਾ ਚੁੰਨੀ ਨਾਲ ਗਲ ਘੁੱਟ ਕੇ ਪਹਿਲਾਂ ਕਤਲ ਕੀਤਾ ਤੇ ਬਾਅਦ ਉਸ ਦੀ ਲਾਸ਼ ਖੇਤਾਂ 'ਚ ਸੁੱਟ ਕੇ ਚਲੇ ਗਏ। ਥਾਣਾ ਲੱਖੇਵਾਲੀ ਦੀ ਪੁਲਸ ਨੇ ਮੌਕੇ 'ਤੇ ਪਹੁੰਚ ਕੇ ਜਾਂਚ ਸ਼ੁਰੂ ਕੀਤੀ। ਥਾਣਾ ਮੁਖੀ ਬੇਅੰਤ ਕੌਰ ਨੇ ਦੱਸਿਆ ਕਿ ਮ੍ਰਿਤਕਾ ਦੇ ਪਿਤਾ ਰਾਮ ਸਿੰਘ ਦੇ ਬਿਆਨਾਂ ਉੱਤੇ ਛਿੰਦਰਪਾਲ ਸਿੰਘ, ਕੁਲਦੀਪ ਸਿੰਘ ਤੇ ਦੋ ਹੋਰ ਅਣਪਛਾਤਿਆਂ ਵਿਰੁੱਧ ਮਾਮਲਾ ਦਰਜ ਕਰਕੇ ਅਗਲੀ ਜਾਂਚ ਸ਼ੁਰੂ ਕਰ ਦਿੱਤੀ ਗਈ ਹੈ।

# ਪੰਜਾਬ ਵਿੱਚ ਇੱਕ ਥਾਂ ਮੰਦਰ-ਮਸਜਿਦ ਦੀ ਕੰਧ ਸਾਂਝੀ

ਮਾਲੇਰਕੋਟਲਾ, 5 ਜੂਨ (ਪੋਸਟ ਬਿਊਰੋ)- 'ਮਜ਼ਹਬ ਨਹੀਂ ਸਿਖਾਤਾ, ਆਪਸ ਮੇਂ ਬੈਰ ਰਖਨਾ।' ਇਕਬਾਲ ਦੀ ਨਜ਼ਮ ਦਾ ਇਹ ਸ਼ੇਅਰ ਇਥੋਂ ਦੀ ਸੈਮਸਨ ਕਾਲੋਨੀ 'ਤੇ ਪੂਰਾ ਢੁੱਕਦਾ ਹੈ। ਕਾਲੋਨੀ ਵਿੱਚ ਮਸਜਿਦ ਤੇ ਮੰਦਰ ਨਾਲ-ਨਾਲ ਉਸਾਰੇ ਗਏ ਹਨ। ਮੰਦਰ ਤੋਂ ਆਰਤੀ ਦੀ ਧੁਨ ਮਸਜਿਦ ਵਿੱਚ ਤੇ ਮਸਜਿਦ ਤੋਂ ਆਜ਼ਾਨ ਦੀ ਆਵਾਜ਼ ਮੰਦਰ ਵਿੱਚ ਗੂੰਜਦੀ ਹੈ। ਸਵੇਰ ਵੇਲੇ ਮਸਜਿਦ ਦੇ ਮੌਲਵੀ ਮੁਹੰਮਦ ਸ਼ਬੀਰ ਮੰਦਰ ਦੇ ਪੰਡਤ ਚੇਤਨ ਸ਼ਰਮਾ ਨੂੰ ਰਾਮ-ਰਾਮ ਪੰਡਤ ਜੀ ਆਖ ਕੇ ਉਨ੍ਹਾਂ ਦਾ ਮੰਦਰ ਪਹੁੰਚਣ ਉਤੇ ਸਵਾਗਤ ਕਰਦੇ ਹਨ। ਪੰਡਤ ਚੇਤਨ ਸ਼ਰਮਾ, ਮੌਲਵੀ ਸਾਹਿਬ ਨੂੰ ਰਾਮ-ਰਾਮ ਆਖ ਕੇ ਖੈਰੀਅਤ ਪੁੱਛਦੇ ਹਨ। ਮੌਲਵੀ ਹਲਕੀ ਮੁਸਕਰਾਹਟ ਦੇ ਨਾਲ ਜਵਾਬ ਦਿੰਦੇ ਹਨ, 'ਅੱਲਾਹ ਦੀ ਮਿਹਰ ਹੈ।' ਅਸਲ ਵਿੱਚ ਮੰਦਰ ਤੇ ਮਸਜਿਦ ਵਿਚਾਲੇ ਮਸਾਂ 9 ਇੰਚ ਦੀ ਕੰਧ ਹੈ। ਇਥੇ ਦੀਵਾਲੀ ਅਤੇ ਦੁਸਹਿਰੇ ਰਲ ਮਿਲ ਕੇ ਮਨਾਏ ਜਾਂਦੇ ਹਨ। ਹੋਰਨਾਂ ਕਾਲੋਨੀਆਂ ਤੋ ਵੀ ਸੈਮਸਨ ਕਾਲੋਨੀ ਵਿੱਚ ਮੁਸਲਿਮ ਭਾਈਚਾਰੇ ਦੇ ਲੋਕ ਨਮਾਜ਼ ਪੜ੍ਹਨ ਲਈ ਪਹੁੰਚਦੇ ਹਨ। ਮਸਜਿਕ ਅਕਸਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਵਕੀਲ ਮੁਹੰਮਦ ਸ਼ਬੀਰ ਨੇ ਕਿਹਾ ਕਿ 2004 ਵਿੱਚ ਇਥੇ ਮਸਜਿਦ ਉਸਾਰੀ ਗਈ ਸੀ, ਜਿਸ ਤੋਂ ਦਸਾਂ ਸਾਲ ਬਾਅਦ ਮੰਦਰ ਉਸਾਰਿਆ ਸੀ। ਮੌਲਵੀ ਮੁਹੰਮਦ ਇਲਿਆਸ ਮੁਤਾਬਕ ਸਵਖਤੇ ਚਾਰ ਵੱਜ ਕੇ ਪੰਜ ਮਿੰਟ ਉੱਤੇ ਪਹਿਲੀ ਆਜ਼ਾਨ (ਨਮਾਜ਼ ਦਾ ਹੋਕਾ) ਦਿੰਦੇ ਹਨ। ਉਨ੍ਹਾਂ ਕਿਹਾ ਕਿ ਮੈਂ ਰੋਜ਼ ਸਵੇਰੇ ਪੌਣੇ ਚਾਰ ਵਜੇ ਮਸਜਿਦ ਵਿੱਚ ਅੱਪੜ ਜਾਂਦਾ ਹਾਂ, ਸਾਢੇ ਚਾਰ ਵਜੇ ਪਹਿਲੀ ਨਮਾਜ਼ ਅਦਾ ਕਰਕੇ ਪਰਤ ਜਾਂਦਾ ਹਾਂ। ਮੰਦਰ ਵਿੱਚ ਪੰਡਤ ਚੇਤਨ ਸ਼ਰਮਾ ਨਾਲ ਸਵੇਰੇ ਮੁਲਾਕਾਤ ਹੁੰਦੀ ਹੈ। ਉਹ ਸ਼ਾਮੀਂ ਸੱਤ ਕੁ ਵਜੇ ਆਰਤੀ ਕਰਦੇ ਹਨ, ਉਸ ਤੋਂ ਕੁਝ ਪਲਾਂ ਬਾਅਦ ਆਜ਼ਾਨ ਹੁੰਦੀ ਹੈ ਤੇ ਫੇਰ ਨਮਾਜ਼ ਅਦਾ ਕਰਦੇ ਹਾਂ।

A/Z Drivers Needed/ਡਰਾਈਵਰਾਂ ਦੀ ਲੋੜ



- Team Drivers Needed Immediately
- Dedicated AutoPart Runs To Texas, Missouri, Kansas
- Permanent Schedule for whole year
- Always Go to same Shippers **No Waiting at All**
- **Highest Pay Rate** Package Plus HST
- New Model Volvo Trucks
- Paid Every Week On Friday
- 20,000 to 24,00 Miles in a Month
- **Always Home At Weekends**
- Can Work From Brampton, Woodstock or London

- Autoparts ਦੇ ਡੇਡੀਕੇਟਡ ਰਨ ਵਾਸਤੇ ਟੀਮ ਡਰਾਈਵਰਾਂ ਦੀ ਲੋੜ ਹੈ
- Texas, Missouri ਅਤੇ Kansas ਡੈਡੀਕੇਟਡ ਰਨ ਲਈ ਲੋੜ ਹੈ
- 2018 ਦੇ ਵੋਲਵੋ ਬਰੈਂਡ ਨੀਊ ਟਰੱਕ, ਵੀਕਐਂਡ ਹਮੇਸ਼ਾ ਘਰ
- ਹਰ ਮਹੀਨੇ 20,000 ਤੋਂ 24,000 miles ਅਤੇ Pay Every Week

"ਨਵੇਂ ਡਰਾਈਵਰ ਵੀ ਅਪਲਾਈ ਕਰ ਸਕਦੇ ਹਨ"

New Drivers Are Also Welcome, We Give Paid Training With Full Time Job

For Further Information Contact: 6476253344





# ਕੱਚਾ ਤੇਲ ਸੱਤ ਸਾਲਾਂ ਵਿੱਚ ਸਭ ਤੋਂ ਬਦਤਰ ਸਥਿਤੀ ਵਿੱਚ

ਨਵੀਂ ਦਿੱਲੀ, 5 ਜੂਨ (ਪੋਸਟ ਬਿਊਰੋ)- ਵਧਦੇ ਕੌਮਾਂਤਰੀ ਵਪਾਰਕ ਤਣਾਅ ਨਾਲ ਕੌਮਾਂਤਰੀ ਬਾਜ਼ਾਰ ਵਿੱਚ ਸੱਤ ਸਾਲਾਂ 'ਚ ਮਈ ਦੇ ਮਹੀਨੇ ਕੱਚੇ ਤੇਲ ਦੀ ਸਥਿਤੀ ਬਹੁਤ ਖਰਾਬ ਰਹੀ ਹੈ। ਇਸ ਦੇ ਨਾਲ ਊਰਜਾ ਮੰਗ ਦੇ ਵਾਧੇ ਦੀ ਸੰਭਾਵਨਾ ਹੌਲੀ ਹੌਲੀ ਮੱਠੀ ਪੈ ਗਈ। ਬੈਂਚਮਾਰਕ ਕੱਚਾ ਤੇਲ ਬ੍ਰੇਂਡ ਕਰੂਡ ਦਾ ਵਾਅਦਾ ਮੁੱਲ ਸ਼ੁੱਕਰਵਾਰ ਨੂੰ 5.5 ਫੀਸਦੀ ਤੋਂ ਵੱਧ ਟੁੱਟਿਆ। ਪਿਛਲੇ ਮਹੀਨੇ ਮਈ 'ਚ ਬ੍ਰੇਂਟ ਕਰੂਡ ਦੇ ਭਾਅ ਵਿੱਚ 16 ਫੀਸਦੀ ਤੋਂ ਵੱਧ ਗਿਰਾਵਟ ਆਈ ਹੈ।

ਕੌਮਾਂਤਰੀ ਬਾਜ਼ਾਰ ਵਿੱਚ ਕੱਚੇ ਤੇਲ ਦੇ ਮੁੱਲ ਘਟਣ ਤੋਂ ਦੇਸ਼ ਦੇ ਇੰਪੋਰਟ ਬਿੱਲ ਦਾ ਬੋਝ ਘਟੇਗਾ। ਅਸਲ ਵਿੱਚ ਭਾਰਤ ਆਪਣੀਆਂ ਤੇਲ ਦੀਆਂ ਜ਼ਰੂਰਤਾਂ ਦਾ ਤਕਰੀਬਨ 84 ਫੀਸਦੀ ਇੰਪੋਰਟ ਕਰਦਾ ਹੈ। ਕੱਚੇ ਤੇਲ ਦੀਆਂ ਕੀਮਤਾਂ 'ਚ ਨਰਮੀ ਘਰੇਲੂ ਖਪਤਕਾਰਾਂ ਲਈ ਰਾਹਤ ਦਿਵਾਉਣ ਵਾਲੀ ਹੈ ਕਿਉਂਕਿ ਇਸ ਨਾਲ ਪੈਟਰੋਲ ਤੇ ਡੀਜ਼ਲ ਸਮੇਤ ਹੋਰ ਪੈਟਰੋਲੀਅਮ ਉਤਪਾਦਾਂ ਦੀਆਂ ਕੀਮਤਾਂ ਘਟਣਗੀਆਂ। ਸ਼ੇਅਰ ਬਾਜ਼ਾਰ ਵਿੱਚ ਵੀ ਵੱਡੀ ਗਿਰਾਵਟ ਵੇਖਣ ਨੂੰ ਮਿਲੀ ਹੈ, ਜਿਸ ਨਾਲ ਨਿਵੇਸ਼ਕਾਂ ਨੇ ਸੋਨੇ ਅਤੇ ਅਮਰੀਕੀ ਟਰੈਅਰੀਜ਼ ਦੀ ਸੇਫਟੀ ਵਾਸਤੇ ਖਤਰਾ ਚੁੱਕਣ ਤੋਂ ਹੱਥ ਖਿੱਚ ਲਿਆ ਹੈ।

ਗੈਰ ਕਾਨੂੰਨੀ ਇਮੀਗਰੇਸ਼ਨ ਦੇ ਖਿਲਾਫ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਵੱਲੋਂ ਮੈਕਸੀਕੋ ਨੂੰ ਸਜ਼ਾ ਵਜੋਂ ਟੈਰਿਫ ਵਧਾਉਣ ਦੀ ਦਿੱਤੀ ਧਮਕੀ ਨਾਲ ਵਿਸ਼ਵ ਵਪਾਰ ਦੀਆਂ ਸੰਭਾਵਨਾਵਾਂ ਹਨੇਰੇ ਵਿੱਚ ਡੁੱਬ ਗਈਆਂ ਹਨ। ਓ ਪੀ ਈ ਸੀ ਆਊਟਪੁਟ ਕਟੌਤੀ ਦੀ ਵਜ੍ਹਾ ਨਾਲ ਅਤੇ ਵੈਨੇਜ਼ੁਏਲਾ, ਈਰਾਨ ਅਤੇ ਹੋਰਨਾਂ ਸਪਲਾਇਰਾਂ ਵਿੱਚ ਸੰਕਟ ਪੈਦਾ ਹੋਣ ਨਾਲ ਸਾਲ ਦੀ ਸ਼ੁਰੂਆਤ ਵਿੱਚ ਤੇਲ ਦੀਆਂ ਕੀਮਤਾਂ ਵਿੱਚ ਚਾਲੀ ਫੀਸਦੀ ਤੋਂ ਵਧੇਰੇ ਗਿਰਾਵਟ ਆਈ ਹੈ, ਪਰ ਅਪ੍ਰੈਲ ਦੇ ਅਖੀਰ ਵਿੱਚ ਤੇਜ਼ੀ ਤੋਂ ਸਿਵਾਏ ਅਮਰੀਕਾ ਤੇ ਚੀਨ ਦਰਮਿਆਨ ਵਪਾਰ ਵਿਵਾਦ ਦੇ ਡੂੰਘੇ ਤੋਂ ਡੂੰਘੇ ਹੁੰਦੇ ਜਾਣ ਕਰ ਕੇ ਤੇਲ ਦੀਆਂ ਕੀਮਤਾਂ 19 ਫੀਸਦੀ ਤੋਂ ਵਧੇਰੇ ਹੇਠਾਂ ਆਈਆਂ।

# ਗ੍ਰਹਿ ਮੰਤਰਾਲੇ ਨੇ ਰਾਹੁਲ ਨੂੰ ਭੇਜੇ ਨੋਟਿਸ ਦਾ ਵੇਰਵਾ ਨਹੀਂ ਦਿੱਤਾ

ਨਵੀਂ ਦਿੱਲੀ, 5 ਜੂਨ (ਪੋਸਟ ਬਿਊਰੋ)- ਕਾਂਗਰਸ ਪ੍ਰਧਾਨ ਰਾਹੁਲ ਗਾਂਧੀ ਦੀ ਭਾਰਤੀ ਨਾਗਰਿਕਤਾ 'ਤੇ ਸਵਾਲ ਕਰਨ ਵਾਲੀ ਸ਼ਿਕਾਇਤ ਦੇ ਬਾਅਦ ਗ੍ਰਹਿ ਮੰਤਰਾਲੇ ਨੇ ਉਨ੍ਹਾਂ ਨੂੰ ਮਿਲੇ ਆਪਣੇ ਨੋਟਿਸ ਦੇ ਬਾਰੇ ਜਾਣਕਾਰੀ ਦੇਣ ਤੋਂ ਇਨਕਾਰ ਕਰ ਦਿੱਤਾ ਹੈ। ਮੰਤਰਾਲੇ ਨੇ ਆਰ ਟੀ ਆਈ ਕਾਨੂੰਨ ਦੇ ਉਨ੍ਹਾਂ ਨਿਯਮਾਂ ਦਾ ਹਵਾਲਾ ਦਿੱਤਾ ਹੈ, ਜੋ ਜਾਂਚ ਵਿੱਚ ਰੁਕਾਵਟ ਪਾਉਣ ਵਾਲੀ ਜਾਣਕਾਰੀ ਸਾਂਝੀ ਕਰਨ ਤੋਂ ਰੋਕਦੇ ਹਨ। ਇਸ ਸੰਬੰਧ ਵਿੱਚ ਗ੍ਰਹਿ ਮੰਤਰਾਲੇ ਨੇ ਅਪ੍ਰੈਲ ਵਿੱਚ ਰਾਹੁਲ ਗਾਂਧੀ ਨੂੰ ਨੋਟਿਸ ਦਿੱਤਾ ਤੇ ਉਨ੍ਹਾਂ ਨੂੰ ਕਿਹਾ ਸੀ ਕਿ ਉਹ ਉਨ੍ਹਾਂ ਦੀ ਨਾਗਰਿਕਤਾ ਉਤੇ ਸਵਾਲ ਖੜ੍ਹੇ ਕਰਨ ਵਾਲੀ ਸ਼ਿਕਾਇਤ 'ਤੇ ਆਪਣੀ ਤੱਥਾਂ ਦੀ ਸਥਿਤੀ ਇੱਕ ਪਖਵਾੜੇ ਵਿੱਚ ਸਪੱਸ਼ਟ ਕਰਨ। ਇਹ ਸ਼ਿਕਾਇਤ ਭਾਜਪਾ ਨੇਤਾ ਅਤੇ ਰਾਜ ਸਭਾ ਮੈਂਬਰ ਸੁਬਰਾਮਨੀਅਮ ਸਵਾਮੀ ਨੇ ਕੀਤੀ ਸੀ। ਇੱਕ ਆਰ ਟੀ ਆਈ ਪਟੀਸ਼ਨ ਵਿੱਚ ਗ੍ਰਹਿ ਮੰਤਰਾਲੇ ਨੂੰ ਰਾਹੁਲ ਗਾਂਧੀ ਨੂੰ ਦਿੱਤੇ ਗਏ ਨੋਟਿਸ ਦੀ ਕਾਪੀ ਅਤੇ ਉਨ੍ਹਾਂ ਤੋਂ ਮਿਲੇ ਜਵਾਬ ਦੀ ਜਾਣਕਾਰੀ ਦੇ ਦੇਣ ਲਈ ਕਿਹਾ ਗਿਆ ਸੀ।

# ਮਾਇਆਵਤੀ ਨੇ ਸਮਾਜਵਾਦੀ ਪਾਰਟੀ ਨਾਲੋਂ ਗੱਠਜੋੜ ਤੋੜ ਲਿਆ



ਨਵੀਂ ਦਿੱਲੀ, 5 ਜੂਨ (ਪੋਸਟ ਬਿਊਰੋ)- ਲੋਕ ਸਭਾ ਚੋਣਾਂ ਤੋਂ ਪਹਿਲਾਂ ਜਨਹਿਤ ਲਈ ਇਕੱਠੀਆਂ ਹੋਈਆਂ ਸਮਾਜਵਾਦੀ ਪਾਰਟੀ ਤੇ ਬਹੁਜਨ ਸਮਾਜ ਪਾਰਟੀ ਨੇ ਨਤੀਜਿਆਂ ਤੋਂ ਬਾਅਦ ਸਿਆਸੀ ਮਜਬੂਰੀਆਂ ਦਾ ਹਵਾਲਾ ਦਿੰਦਿਆਂ ਵੱਖ ਹੋਣ ਦਾ ਫੈਸਲਾ ਕਰ ਲਿਆ ਹੈ। ਬਹੁਜਨ ਸਮਾਜ ਪਾਰਟੀ ਨੇ ਇਸ ਦੀ ਪਹਿਲ ਕਰਦਿਆਂ ਉਤਰ ਪ੍ਰਦੇਸ਼ ਵਿੱਚ ਹੋਣ ਵਾਲੀਆਂ 11 ਜ਼ਿਮਨੀ ਚੋਣਾਂ ਇਕੱਲੇ ਲੜਨ ਦਾ ਐਲਾਨ ਕੀਤਾ ਹੈ, ਜਿਸ ਤੋਂ ਬਾਅਦ ਸਮਾਜਵਾਦੀ ਪਾਰਟੀ ਨੇ ਵੀ ਇਸ ਫੈਸਲੇ 'ਤੇ ਪੁਸ਼ਟੀ ਦੀ ਮੋਹਰ ਲਾਉਂਦਿਆਂ ਆਪਣੇ ਦਮ ਉੱਤੇ ਜ਼ਿਮਨੀ ਚੋਣਾਂ ਲੜਨ ਦਾ ਐਲਾਨ ਕੀਤਾ ਹੈ।

ਬਹੁਜਨ ਸਮਾਜ ਪਾਰਟੀ ਦੀ ਮੁਖੀ ਮਾਇਆਵਤੀ ਨੇ ਉਤਰ ਪ੍ਰਦੇਸ 'ਚ ਦੋਵਾਂ ਪਾਰਟੀਆਂ ਦੇ ਗੱਠਜੋੜ ਨੂੰ ਆਸਾਂ ਤੋਂ ਕਿਤੇ ਘੱਟ ਮਿਲੀਆਂ ਸੀਟਾਂ ਲਈ ਸਮਾਜਵਾਦੀ ਪਾਰਟੀ ਨੂੰ ਜ਼ਿੰਮੇਵਾਰ ਦੱਸ ਕੇ ਕਿਹਾ ਕਿ ਜਦ ਸਮਾਜਵਾਦੀ ਪਾਰਟੀ ਨੂੰ ਹੀ ਯਾਦਵਾਂ ਦਾ ਵੋਟ ਨਹੀਂ ਮਿਲੇ ਤਾਂ ਬਹੁਜਨ ਸਮਾਜ ਪਾਰਟੀ ਨੂੰ ਕਿਵੇਂ ਮਿਲੇ ਹੋਣਗੇ। ਮਾਇਆਵਤੀ ਨੇ ਸਮਾਜਵਾਦੀ ਪਾਰਟੀ ਦੇ ਚੋਟੀ ਦੇ ਨੇਤਾਵਾਂ ਦੀ ਹਾਰ ਦਾ ਹਵਾਲਾ ਦਿੰਦਿਆਂ ਕਿਹਾ ਕਿ ਸਮਾਜਵਾਦੀ ਪਾਰਟੀ ਦਾ ਵੋਟ ਇਕਜੁੱਟ ਨਹੀਂ ਹੋਇਆ। ਵਰਨਣ ਯੋਗ ਹੈ ਕਿ ਕਨੌਜ ਲੋਕ ਸਭਾ ਹਲਕੇ ਤੋਂ ਅਖਿਲੇਸ਼ ਯਾਦਵ ਦੀ ਪਤਨੀ ਡਿੰਪਲ ਯਾਦਵ, ਬਦਾਯੂੰ ਤੋਂ ਧਰਮਿੰਦਰ ਯਾਦਵ ਅਤੇ ਫਿਰੋਜ਼ਾਬਾਦ ਤੋਂ ਅਕਸ਼ੈ ਯਾਦਵ ਦੀ ਹਾਰ ਹੋਈ ਸੀ।

ਮਾਇਆਵਤੀ ਨੇ ਕੱਲ੍ਹ ਪ੍ਰੈਸ ਕਾਨਫਰੰਸ ਰਾਹੀਂ ਫਿਲਹਾਲ ਗੱਠਜੋੜ ਖਤਮ ਕਰਨ ਦਾ ਐਲਾਨ ਕਰ ਕੇ ਕਿਹਾ ਕਿ ਉਨ੍ਹਾਂ ਜਨਹਿੱਤ ਲਈ ਸ਼ਿਕਵੇ ਪਰ੍ਹਾਂ ਕਰਦਿਆਂ ਗੱਠਜੋੜ ਕੀਤਾ ਸੀ, ਪਰ ਨਤੀਜੇ ਆਸਾਂ ਮੁਤਾਬਕ ਨਹੀਂ ਆਏ। ਮਾਇਆਵਤੀ ਨੇ ਸਮਾਜਵਾਦੀ ਪਾਰਟੀ 'ਚ ਕੁਝ ਸੁਧਾਰਾਂ ਦੀ ਲੋੜ 'ਤੇ ਜ਼ੋਰ ਦਿੰਦਿਆਂ ਕਿਹਾ ਕਿ ਜਦ ਤੱਕ ਸਮਾਜਵਾਦੀ ਪਾਰਟੀ ਦੀ ਸਥਿਤੀ ਠੀਕ ਨਹੀਂ ਹੁੰਦੀ, ਮਿਲ ਕੇ ਚੱਲਣਾ ਮੁਸ਼ਕਿਲ ਹੈ। ਉਨ੍ਹਾਂ ਅਖਿਲੇਸ਼ ਯਾਦਵ ਨੂੰ ਮਸ਼ਵਰਾ ਦਿੱਤਾ ਕਿ ਜੇ ਉਹ ਸਿਆਸੀ ਕਾਰਜਾਂ ਦੇ ਨਾਲ ਆਪਣੇ ਵਰਕਰਾਂ ਨੂੰ ਬਸਪਾ ਵਾਂਗ ਮਿਸ਼ਨਰੀ ਮੋਡ 'ਚ ਮਿਲਾ ਕੇ ਇਕਜੁੱਟ ਕਰਦੇ ਹਨ ਤਾਂ ਉਹ ਭਵਿੱਖ ਵਿੱਚ ਇਕੱਠੇ ਹੋ ਸਕਦੇ ਹਨ। ਵੱਖ ਹੋਣ ਦੇ ਐਲਾਨ ਅਤੇ ਮਸ਼ਵਰੇ ਦੇਣ ਦੇ ਨਾਲ ਮਾਇਆਵਤੀ ਨੇ ਭਵਿੱਖ 'ਚ ਨੇੜੇ ਆਉਣ ਦੇ ਸੰਕੇਤ ਦਿੰਦਿਆਂ ਕਿਹਾ ਕਿ ਜੇ ਸਮਾਜਵਾਦੀ ਪਾਰਟੀ ਦੇ ਮੁਖੀ ਇਨ੍ਹਾਂ ਵਰਕਰਾਂ ਨੂੰ ਮਿਸ਼ਨ 'ਚ ਲਿਆਉਣ 'ਚ ਸਫਲ ਹੋ ਜਾਣ ਤਾਂ ਦੋਵੇਂ ਪਾਰਟੀਆਂ ਮੁੜ ਇਕੱਠੀਆਂ ਹੋ ਸਕਦੀਆਂ ਹਨ। ਉਨ੍ਹਾਂ ਅਖਿਲੇਸ਼ ਅਤੇ ਡਿੰਪਲ ਯਾਦਵ ਨਾਲ ਸਬੰਧਾਂ ਨੂੰ ਪਰਵਾਰਕ ਸਬੰਧ ਦੱਸ ਕੇ ਕਿਹਾ ਕਿ ਗੱਠਜੋੜ ਹੋਣ 'ਤੇ ਅਖਿਲੇਸ਼ ਅਤੇ ਡਿੰਪਲ ਨੇ ਉਨ੍ਹਾਂ ਨੂੰ ਬਹੁਤ ਸਨਮਾਨ ਦਿੱਤਾ ਅਤੇ ਉਨ੍ਹਾਂ (ਮਾਇਆਵਤੀ) ਨੇ ਵੀ ਦੋਵਾਂ ਨੂੰ ਪਰਵਾਰਕ ਮੈਂਬਰ ਮੰਨਿਆ ਹੈ। ਮਾਇਆਵਤੀ ਨੇ ਇਹ ਵੀ ਕਿਹਾ ਕਿ ਸਾਡੇ ਰਿਸ਼ਤੇ ਸਿਆਸੀ ਖੁਦਗਰਜ਼ੀ ਕਾਰਨ ਨਹੀਂ ਬਣੇ, ਸਗੋਂ ਸੁੱਖ ਦੁੱਖ ਦੀ ਘੜੀ ਵਿੱਚ ਵੀ ਅਜਿਹੇ ਬਣੇ ਰਹਿਣਗੇ।

# ਫਾਰੂਕ ਅਬਦੁੱਲਾ ਦਾ ਕਾਂਗਰਸ ਨੂੰ ਝਟਕਾ, ਜੰਮੂ-ਕਸ਼ਮੀਰ ਵਿਧਾਨ ਸਭਾ ਚੋਣਾਂ ਇਕੱਲੇ ਲੜਨਗੇ

ਨਵੀਂ ਦਿੱਲੀ, 5 ਜੂਨ (ਪੋਸਟ ਬਿਊਰੋ)- ਨੈਸ਼ਨਲ ਕਾਨਫਰੰਸ ਨੇ ਜੰਮੂ-ਕਸ਼ਮੀਰ ਵਿੱਚ ਇਕੱਲੇ ਚੋਣਾਂ ਲੜਨ ਦਾ ਫੈਸਲਾ ਕਰ ਲਿਆ ਹੈ। ਨੈਸ਼ਨਲ ਕਾਨਫਰੰਸ ਦਾ ਕਾਂਗਰਸ ਨਾਲ ਪਹਿਲਾਂ ਗਠਜੋੜ ਸੀ, ਪਰ ਇਸ ਨੂੰ ਤੋੜਨ ਦਾ ਐਲਾਨ ਕਰ ਦਿੱਤਾ ਗਿਆ ਹੈ। ਇਸ ਦੇ ਨਾਲ ਦੋਵਾਂ ਧਿਰਾਂ ਨੇ ਇੱਕ ਦੂਜੇ 'ਤੇ ਦੋਸ਼ ਲਾਉਣੇ ਸ਼ੁਰੂ ਕਰ ਦਿੱਤੇ ਹਨ।



ਵਰਣਨ ਯੋਗ ਹੈ ਕਿ ਨੈਸ਼ਨਲ ਕਾਨਫਰੰਸ ਦੇ ਕਈ ਸੀਨੀਅਰ ਨੇਤਾਵਾਂ ਨੇ ਕਾਂਗਰਸ ਉੱਤੇ ਹਮਲਾ ਬੋਲਿਆ ਤੇ ਕਿਹਾ ਕਿ ਲੋਕ ਸਭਾ ਚੋਣਾਂ ਵਿੱਚ ਕਰਾਰੀ ਹਾਰ ਲਈ ਕਾਂਗਰਸ ਖੁਦ ਜ਼ਿੰਮੇਵਾਰ ਹੈ। ਦੂਜੇ ਪਾਸੇ ਕਾਂਗਰਸ ਵੀ ਹਮਲਾਵਰ ਦਿਸੀ ਅਤੇ ਉਸ ਨੇ ਕਿਹਾ ਕਿ ਜੰਮੂ ਵਿੱਚ ਫਾਰੂਕ ਅਤੇ ਉਮਰ ਅਬਦੁੱਲਾ ਨੇ ਚੋਣ ਪ੍ਰਚਾਰ ਨਹੀਂ ਕੀਤਾ, ਜਿਸ ਕਰ ਕੇ ਗਠਜੋੜ ਨੂੰ ਹਾਰ ਦਾ ਸਾਹਮਣਾ ਕਰਨਾ ਪਿਆ ਹੈ। ਜੰਮੂ-ਕਸ਼ਮੀਰ ਵਿੱਚ ਕਾਂਗਰਸ ਦੇ ਬੁਲਾਰੇ ਰਵਿੰਦਰ ਸ਼ਰਮਾ ਨੇ ਕਿਹਾ ਕਿ ਨੈਸ਼ਨਲ ਕਾਨਫਰੰਸ ਦੇ ਨੇਤਾਵਾਂ ਨੇ ਜੰਮੂ ਖੇਤਰ ਵਿੱਚ ਪ੍ਰਚਾਰ ਨਹੀਂ ਕੀਤਾ, ਜਿਸ ਕਰ ਕੇ ਗਠਜੋੜ ਦੀਆਂ ਸੀਟਾਂ ਘੱਟ ਗਈਆਂ। ਨੈਸ਼ਨਲ ਕਾਨਫਰੰਸ ਘਾਟੀ ਦੀਆਂ ਸਾਰੀਆਂ ਤਿੰਨ ਲੋਕ ਸਭਾ ਸੀਟਾਂ 'ਤੇ ਜਿੱਤ ਦਰਜ ਕਰਨ ਵਿੱਚ ਸਫਲ ਹੋਈ ਤੇ ਕਾਂਗਰਸ ਨੂੰ ਇੱਕ ਵੀ ਸੀਟ ਨਹੀਂ ਮਿਲੀ। ਦੂਜੇ ਪਾਸੇ ਭਾਜਪਾ ਨੇ ਜੰਮੂ ਦੀਆਂ ਦੋ ਅਤੇ ਲੱਦਾਖ ਦੀ ਇੱਕ ਸੀਟ ਆਪਣੇ ਨਾਂਅ ਕਰ ਲਈ ਹੈ। ਕਾਂਗਰਸ ਨੂੰ ਇਸ ਦਾ ਜਵਾਬ ਦਿੰਦੇ ਹੋਏ ਨੈਸ਼ਨਲ ਕਾਨਫਰੰਸ ਦੇ ਨੇਤਾ ਅਨਿਲ ਧਰ ਨੇ ਕਿਹਾ ਕਿ ਕਾਂਗਰਸ ਪਹਿਲਾਂ ਆਪਣੀ ਹਾਰ ਦਾ ਚਿੰਤਨ ਕਰੇ ਅਤੇ ਸੋਚੇ ਕਿ ਕਿੱਥੇ ਭੁੱਲ ਹੋਈ ਹੈ। ਗੱਲਬਾਤ ਦੌਰਾਨ ਉਨ੍ਹਾਂ ਕਿਹਾ ਕਿ ਜੰਮੂ-ਕਸ਼ਮੀਰ ਵਿੱਚ ਰਾਹੁਲ ਗਾਂਧੀ ਅਤੇ ਪ੍ਰਿਅੰਕਾ ਨੇ ਕਿੰਨੀਆਂ ਰੈਲੀਆਂ ਕੀਤੀਆਂ? ਕਾਂਗਰਸ ਦੇ ਦੋਸ਼ਾਂ ਨੂੰ ਨਕਾਰਦੇ ਹੋਏ ਉਨ੍ਹਾਂ ਕਿਹਾ ਕਿ ਨੈਸ਼ਨਲ ਕਾਨਫਰੰਸ ਦੇ ਕਈ ਨੇਤਾਵਾਂ ਨੇ ਜੰਮੂ ਵਿੱਚ ਪ੍ਰਚਾਰ ਕੀਤਾ।

# ਜੰਮੂ-ਕਸ਼ਮੀਰ ਵਿਧਾਨ ਸਭਾ ਚੋਣਾਂ ਸਾਲ ਦੇ ਅੰਤ ਵਿੱਚ ਹੋਣਗੀਆਂ



ਨਵੀਂ ਦਿੱਲੀ, 5 ਜੂਨ (ਪੋਸਟ ਬਿਊਰੋ)- ਚੋਣ ਕਮਿਸ਼ਨ ਨੇ ਜੰਮੂ-ਕਸ਼ਮੀਰ ਵਿੱਚ ਵਿਧਾਨ ਸਭਾ ਚੋਣਾਂ ਦਾ ਪ੍ਰੋਗਰਾਮ ਇਸ ਸਾਲ ਅਮਰਨਾਥ ਯਾਤਰਾ ਦੇ ਬਾਅਦ ਤੈਅ ਕਰਨ ਦਾ ਫੈਸਲਾ ਕਰ ਲਿਆ ਹੈ। ਕਮਿਸ਼ਨ ਨੇ ਕੱਲ੍ਹ ਇਥੇ ਇੱਕ ਸੰਖੇਪ ਬਿਆਨ ਜਾਰੀ ਕਰ ਕੇ ਇਹ ਜਾਣਕਾਰੀ ਦਿੱਤੀ ਹੈ।

ਵਰਣਨ ਯੋਗ ਹੈ ਕਿ ਜੰਮੂ-ਕਸ਼ਮੀਰ ਵਿੱਚ ਹਰ ਸਾਲ ਜੁਲਾਈ ਤੋਂ ਮੱਧ ਅਗਸਤ ਤੱਕ ਅਮਰਨਾਥ ਯਾਤਰਾ ਹੁੰਦੀ ਹੈ। ਇਸ ਸਾਲ ਯਾਤਰਾ ਦਾ ਸਮਾਂ ਇੱਕ ਜੁਲਾਈ ਤੋਂ 15 ਅਗਸਤ ਤੱਕ ਤੈਅ ਹੈ। ਬਿਆਨ ਅਨੁਸਾਰ ਚੋਣ ਕਮਿਸ਼ਨ ਨੇ ਸੰਵਿਧਾਨ ਦੀ ਧਾਰਾ 324 ਹੇਠ ਸਰਬ ਸੰਮਤੀ ਨਾਲ ਫੈਸਲਾ ਕੀਤਾ ਹੈ ਕਿ ਜੰਮੂ-ਕਸ਼ਮੀਰ ਵਿਧਾਨ ਸਭਾ ਚੋਣਾਂ ਇਸ ਸਾਲ ਦੇ ਅੰਤ ਵਿੱਚ ਕਰਵਾਈਆਂ ਜਾਣਗੀਆਂ। ਕਮਿਸ਼ਨ ਨੇ ਕਿਹਾ ਕਿ ਸੂਬੇ ਵਿੱਚ ਸੁਰੱਖਿਆ ਪ੍ਰਬੰਧਾਂ ਅਤੇ ਹੋਰ ਹਾਲਾਤ 'ਤੇ ਕਮਿਸ਼ਨ ਵੱਲੋਂ ਲਗਾਤਾਰ ਨਜ਼ਰ ਰੱਖ ਕੇ ਇਸ ਬਾਰੇ ਵਿੱਚ ਸਾਰੀਆਂ ਧਿਰਾਂ ਤੋਂ ਹਰ ਸੰਭਵ ਜਾਣਕਾਰੀ ਲਈ ਜਾ ਰਹੀ ਹੈ। ਕਮਿਸ਼ਨ ਨੇ ਕਿਹਾ ਕਿ ਸੂਬੇ ਵਿੱਚ ਅਮਰਨਾਥ ਯਾਤਰਾ ਦੇ ਬਾਅਦ ਚੋਣ ਪ੍ਰੋਗਰਾਮ ਐਲਾਨ ਕੀਤਾ ਜਾਏਗਾ। ਜੰਮੂ-ਕਸ਼ਮੀਰ ਵਿੱਚ ਪੀ ਡੀ ਪੀ-ਭਾਜਪਾ ਗਠਜੋੜ ਸਰਕਾਰ ਤੋਂ ਜੁਲਾਈ 2018 ਵਿੱਚ ਭਾਜਪਾ ਦੇ ਸਮਰਥਨ ਵਾਪਸ ਲੈਣ ਦੇ ਐਲਾਨ ਦੇ ਬਾਅਦ ਗਵਰਨਰ ਰਾਜ ਲਾਗੂ ਕੀਤਾ ਗਿਆ ਸੀ। ਨਵੀਂ ਸਰਕਾਰ ਦੇ ਗਠਨ ਦੀਆਂ ਸੰਭਾਵਨਾਵਾਂ ਸਮਾਪਤ ਹੋਣ ਦੇ ਬਾਅਦ ਗਵਰਨਰ ਦੀ ਸਿਫਾਰਸ਼ 'ਤੇ ਦਸੰਬਰ 2018 ਵਿੱਚ ਜੰਮੂ-ਕਸ਼ਮੀਰ ਵਿਧਾਨ ਸਭਾ ਨੂੰ ਭੰਗ ਕਰ ਕੇ ਸੂਬੇ ਵਿੱਚ ਰਾਸ਼ਟਰਪਤੀ ਰਾਜ ਲਗਾਇਆ ਗਿਆ ਸੀ।

# ਕੇਜਰੀਵਾਲ ਤੇ ਸਿਸੋਦੀਆ ਦੇ ਖਿਲਾਫ ਮਾਣਹਾਨੀ ਦਾ ਕੇਸ ਦਰਜ

ਨਵੀਂ ਦਿੱਲੀ, 5 ਜੂਨ (ਪੋਸਟ ਬਿਊਰੋ)- ਦਿੱਲੀ ਭਾਜਪਾ ਵਿਧਾਇਕ ਦਲ ਦੇ ਨੇਤਾ ਵਜਿੰਦਰ ਗੁਪਤਾ ਨੇ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਅਤੇ ਉਪ ਮੁੱਖ ਮੰਤਰੀ ਮਨੀਸ਼ ਸਿਸੋਦੀਆ ਖਿਲਾਫ ਪਟਿਆਲਾ ਹਾਊਸ ਅਦਾਲਤ ਵਿੱਚ ਮਾਣਹਾਨੀ ਦਾ ਕੇਸ ਦਾਇਰ ਕੀਤਾ ਹੈ। ਗੁਪਤਾ ਨੇ ਦੋਸ਼ ਲਾਇਆ ਕਿ ਆਮ ਆਦਮੀ ਪਾਰਟੀ ਦੇ ਇਨ੍ਹਾਂ ਦੋਵੇਂ ਆਗੂਆਂ ਨੇ ਉਨ੍ਹਾਂ ਦੇ ਅਕਸ ਨੂੰ ਢਾਹ ਲਾਈ ਹੈ। ਇਸ ਸੰਬੰਧ ਗੁਪਤਾ ਨੇ ਟਵੀਟ ਨਾਲ ਇਹ ਦੱਸਿਆ, 'ਸਿਸੋਦੀਆ ਨੇ ਕਿਹਾ ਸੀ ਕਿ ਅਰਵਿੰਦ ਕੇਜਰੀਵਾਲ ਦੇ ਕਤਲ ਦੀ ਸਾਜ਼ਿਸ਼ ਵਿੱਚ ਵਜਿੰਦਰ ਗੁਪਤਾ ਸ਼ਾਮਲ ਹੈ। ਇਸ ਲਈ ਮੈਂ ਮੁਨੀਸ਼ ਸਿਸੋਦੀਆ ਤੇ ਅਰਵਿੰਦ ਕੇਜਰੀਵਾਲ ਨੂੰ ਕਾਨੂੰਨੀ ਨੋਟਿਸ ਦੇ ਕੇ ਸੱਤ ਦਿਨਾਂ ਦੇ ਅੰਦਰ ਮੁਆਫੀ ਮੰਗਣ ਨੂੰ ਕਿਹਾ ਸੀ, ਪਰ ਉਸ ਨੋਟਿਸ ਦਾ ਕੋਈ ਜਵਾਬ ਨਾ ਮਿਲਣ ਕਰਕੇ ਕੱਲ੍ਹ ਮੈਂ ਦੋਵਾਂ ਉਪਰ ਪਟਿਆਲਾ ਹਾਊਸ ਅਦਾਲਤ ਵਿੱਚ ਮਾਣਹਾਨੀ ਦਾ ਮੁਕੱਦਮਾ ਦਾਇਰ ਕਰਵਾਇਆ ਹੈ।' ਇਸ ਦੀ ਸੁਣਵਾਈ ਪਟਿਆਲਾ ਹਾਊਸ ਅਦਾਲਤ ਦੀ ਨਵੀਂ ਇਮਾਰਤ ਵਿਖੇ ਛੇ ਜੂਨ 2019 ਨੂੰ ਵਧੀਕ ਮੁੱਖ ਮੈਟਰੋਪਾਲੀਟਨ ਮੈਜਿਸਟਰੇਟ ਸਮਰ ਵਿਸ਼ਾਲ ਦੀ ਅਦਾਲਤ ਵਿੱਚ ਹੋਵੇਗੀ।

# ਮੰਦਰ ਵਿੱਚ ਆਉਣ ਉੱਤੇ ਨਾਬਾਲਿਗ ਦਲਿਤ ਬੱਚੇ ਦੇ ਕੁਟਾਪੇ ਦਾ ਵੀਡੀਓ ਵਾਇਰਲ

ਜੈਪੁਰ, 5 ਜੂਨ (ਪੋਸਟ ਬਿਊਰੋ)- ਰਾਜਸਥਾਨ ਦੇ ਪਾਲੀ ਜ਼ਿਲ੍ਹੇ ਵਿੱਚ ਅਨੁਸੂਚਿਤ ਜਾਤੀ ਦੇ ਨਾਬਾਲਿਗ ਬੱਚੇ ਦੀ ਬੇਰਹਿਮੀ ਨਾਲ ਕੁੱਟਮਾਰ ਦਾ ਮਾਮਲਾ ਬਾਹਰ ਆਇਆ ਹੈ। ਇਹ ਘਟਨਾ ਪਾਲੀ ਜ਼ਿਲ੍ਹੇ ਦੇ ਧਨੇਰੀਆ ਪਿੰਡ ਦੀ ਹੈ। ਇਸ ਦਾ ਵੀਡੀਓ ਵਾਇਰਲ ਹੋਣ ਪਿੱਛੋਂ ਦੋਸ਼ੀਆਂ ਵਿੱਚੋਂ ਇੱਕ ਨੇ ਆਪਣੀ ਧੀ ਨਾਲ ਛੇੜਖ਼ਾਨੀ ਦਾ ਦੋਸ਼ ਲਾ ਕੇ ਪੀੜਤ ਦੇ ਵਿਰੁੱਧ ਸ਼ਿਕਾਇਤ ਦਰਜ ਕਰਵਾ ਦਿੱਤੀ ਹੈ। ਪੁਲਿਸ ਨੇ ਵੀ ਪੀੜਤ ਨੂੰ ਹਿਰਾਸਤ ਵਿਚ ਲੈ ਲਿਆ ਹੈ।



ਪਤਾ ਲੱਗਾ ਹੈ ਕਿ ਪਿਛਲੇ ਹਫ਼ਤੇ ਅਨੁਸੂਚਿਤ ਜਾਤੀ ਦੇ ਲੜਕੇ ਦੇ ਮੰਦਰ ਵਿਚ ਜਾਣ ਤੋਂ ਨਾਰਾਜ਼ ਲੋਕਾਂ ਨੇ ਉਸ ਦੇ ਹੱਥ-ਪੈਰ ਬੰਨ੍ਹ ਕੇ ਸੜਕ ਉੱਤੇ ਡਾਂਗਾਂ ਨਾਲ ਕੁੱਟਿਆ ਸੀ। ਪਿੰਡ ਦੇ ਹਨੂੰਮਾਨ ਮੰਦਰ ਵਿੱਚ ਪੂਜਾ ਕਰਨ ਜਾਣ ਵਾਲਾ ਪੀੜਤ ਲੜਕਾ ਲੋਕਾਂ ਤੋਂ ਰਹਿਮ ਦੀ ਭੀਖ ਮੰਗਦਾ ਅਤੇ ਫਿਰ ਕਦੇ ਮੰਦਰ ਨਾ ਆਉਣ ਦਾ ਵਿਸ਼ਵਾਸ ਦਿਵਾਉਂਦਾ ਰਿਹਾ ਪਰ ਭੀੜ ਵਿੱਚੋਂ ਕਿਸੇ ਨੂੰ ਵੀ ਰਹਿਮ ਨਹੀਂ ਆਇਆ। ਉਹ ਬੇਰਹਿਮੀ ਨਾਲ ਉਸ ਨੂੰ ਕੁੱਟਦੇ ਰਹੇ ਤੇ ਏਹੀ ਨਹੀਂ, ਇਸ ਦੌਰਾਨ ਕਈ ਲੋਕ ਇਸ ਘਟਨਾ ਦੀ ਵੀਡੀਓ ਬਣਾਉਂਦੇ ਰਹੇ। ਪਹਿਲੀ ਜੂਨ ਦੀ ਇਸ ਘਟਨਾ ਦੀ ਵੀਡੀਓ ਕਿਸੇ ਨੇ ਸੋਸ਼ਲ ਮੀਡੀਆ ਤੋਂ ਵਾਇਰਲ ਕਰ ਦਿੱਤੀ ਤਾਂ ਇਸ ਪਿੱਛੋਂ ਦੋਸ਼ੀਆਂ ਵਿੱਚੋਂ ਇਕ ਨੇ ਪੀੜਤ ਵਿਰੁੱਧ ਆਪਣੀ ਬੇਟੀ ਨਾਲ ਛੇੜਖ਼ਾਨੀ ਦਾ ਕੇਸ ਦਰਜ ਕਰਵਾ ਦਿੱਤਾ। ਇਸ ਪਿੱਛੋਂ ਪੁਲਿਸ ਨੇ ਸੋਮਵਾਰ ਕਾਹਲੀ ਵਿੱਚ ਪੀੜਤ ਲੜਕੇ ਨੂੰ ਗ੍ਰਿਫਤਾਰ ਕਰ ਲਿਆ ਤੇ ਅਗਲੇ ਦਿਨ ਮੰਗਲਵਾਰ ਉਸ ਦੇ ਕੇਸ ਵਿੱਚ ਮਾਂਗੀਲਾਲ ਨੇ ਵੀ ਦੋਸ਼ੀਆਂ ਉੱਤੇ ਸ਼ਿਕਾਇਤ ਦਰਜ ਕਰਾ ਦਿੱਤੀ। ਪੀੜਤ ਪਰਿਵਾਰ ਦਾ ਕਹਿਣਾ ਹੈ ਕਿ ਦੋਸ਼ੀਆਂ ਦੇ ਪ੍ਰਭਾਵਸ਼ਾਲੀ ਹੋਣ ਕਾਰਨ ਪੁਲਿਸ ਉਨ੍ਹਾਂ ਵਿਰੁੱਧ ਕਾਰਵਾਈ ਨਹੀਂ ਕਰ ਰਹੀ। ਇਸ ਬਾਰੇ ਥਾਣਾ ਅਧਿਕਾਰੀ ਤੋਂ ਲੈ ਕੇ ਜ਼ਿਲ੍ਹਾ ਪੁਲਿਸ ਸੁਪਰਡੈਂਟ ਤਕ ਕੁਝ ਦੱਸਣ ਨੂੰ ਤਿਆਰ ਨਹੀਂ।

# ਪਿਆਜ਼ ਦੀ ਕੀਮਤ ਘੱਟ ਰੱਖਣ ਲਈ ਸਰਕਾਰ 50,000 ਟਨ ਦਾ ਬਫਰ ਸਟਾਕ ਬਣਾਉਣ ਲੱਗੀ



ਨਵੀਂ ਦਿੱਲੀ, 5 ਜੂਨ (ਪੋਸਟ ਬਿਊਰੋ)- ਕੇਂਦਰ ਨੇ ਪਿਆਜ਼ ਪੈਦਾ ਕਰਨ ਵਾਲੇ ਰਾਜਾਂ ਵਿੱਚ ਸੋਕੇ ਵਰਗੀ ਸਥਿਤੀ ਦੇ ਕਾਰਨ ਆਉਂਦੇ ਮਹੀਨਿਆਂ ਵਿੱਚ ਇਸ ਫਸਲ ਦੀ ਕੀਮਤ ਘੱਟ ਰੱਖਣ ਲਈ 50,000 ਟਨ ਪਿਆਜ਼ ਦਾ ਬਫਰ ਸਟਾਕ ਬਣਾਉਣਾ ਸ਼ੁਰੂ ਕਰ ਦਿੱਤਾ ਹੈ। ਖੁਰਾਕ ਮੰਤਰਾਲੇ ਦੇ ਇਕ ਅਧਿਕਾਰੀ ਨੇ ਇਹ ਜਾਣਕਾਰੀ ਦਿੱਤੀ ਹੈ।

ਵਰਨਣ ਯੋਗ ਹੈ ਕਿ ਏਸ਼ੀਆ ਵਿੱਚ ਪਿਆਜ਼ ਦੀ ਸਭ ਤੋਂ ਵੱਡੀ ਥੋਕ ਮੰਡੀ ਮਹਾਰਾਸ਼ਟਰ ਦੇ ਲਾਸਲਗਾਂਵ ਵਿੱਚ ਇਸ ਦਾ ਥੋਕ ਭਾਅ 29 ਪ੍ਰਤੀਸ਼ਤ ਵਧ ਕੇ 11 ਰੁਪਏ ਪ੍ਰਤੀ ਕਿਲੋਗ੍ਰਾਮ ਚੱਲ ਰਿਹਾ ਹੈ। ਪਿਛਲੇ ਸਾਲ ਇਸ ਦੌਰਾਨ ਭਾਅ 8.50 ਰੁਪਏ ਸੀ। ਦਿੱਲੀ ਵਿੱਚ ਰਿਟੇਲ ਪਿਆਜ਼ ਦਾ ਭਾਅ 20 ਤੋਂ 25 ਰੁਪਏ ਪ੍ਰਤੀ ਕਿਲੋਗ੍ਰਾਮ ਚੱਲ ਰਿਹਾ ਹੈ। ਇਸ ਅਧਿਕਾਰੀ ਨੇ ਕਿਹਾ ਕਿ ਉਤਪਾਦਨ ਖੇਤਰ ਵਿੱਚ ਸੋਕੇ ਦੀ ਸਥਿਤੀ ਕਾਰਨ ਪਿਆਜ਼ ਦਾ ਉਤਪਾਦਨ ਘੱਟ ਹੋਣ ਦਾ ਡਰ ਹੈ। ਇਸ ਨਾਲ ਇਸ ਦੀ ਸਪਲਾਈ ਤੇ ਭਾਅ ਦੋਵਾਂ 'ਤੇ ਦਬਾਅ ਵਧ ਸਕਦਾ ਹੈ। ਇਸ ਸਾਲ ਮਹਾਰਾਸ਼ਟਰ, ਕਰਨਾਟਕ ਤੇ ਆਂਧਰਾ ਪ੍ਰਦੇਸ਼ ਵਰਗੇ ਮੁੱਖ ਪਿਆਜ਼ ਉਤਪਾਦਕ ਰਾਜ ਸੋਕੇ ਦੀ ਸਥਿਤੀ ਵਿੱਚ ਹਨ। ਪਹਿਲਾਂ ਅਗਾਊਂ ਅਨੁਮਾਨ ਦੇ ਅਨੁਸਾਰ ਜੂਨ ਵਿੱਚ ਸਮਾਪਤ ਹੋਣ ਵਾਲੇ ਚਾਲੂ ਫਸਲ ਸਾਲ 2018-19 ਵਿੱਚ ਪਿਆਜ਼ ਉਤਪਾਦਨ ਥੋੜ੍ਹਾ ਜ਼ਿਆਦਾ ਯਾਨੀ ਦੋ ਕਰੋੜ 36.2 ਲੱਖ ਟਨ ਹੋਣ ਦਾ ਅਨੁਮਾਨ ਹੈ, ਜੋ ਉਤਪਾਦਨ ਸਾਲ 2017-18 ਵਿੱਚ ਦੋ ਕਰੋੜ 32.6 ਲੱਖ ਟਨ ਸੀ। ਸਰਕਾਰ ਵੱਲੋਂ ਸੋਕੇ ਦੇ ਪ੍ਰਭਾਵ ਦੇ ਕਾਰਨ ਅਨੁਮਾਨ ਨੂੰ ਸੋਧ ਕੀਤੇ ਜਾਣ ਦੀ ਉਮੀਦ ਹੈ। ਭਾਰਤ ਦੇ ਪਿਆਜ਼ ਉਤਪਾਦਨ ਦਾ 60 ਪ੍ਰਤੀਸ਼ਤ ਹਿੱਸਾ ਰਬੀ ਦਾ ਹੁੰਦਾ ਹੈ ਜਿਸ ਦੀ ਖੁਦਾਈ ਲਗਭਗ ਪੂਰੀ ਹੋ ਚੁੱਕੀ ਹੈ। ਭਾਰਤ ਵਿੱਚ ਪਿਆਜ਼ ਤਿੰਨ ਵਾਰ, ਖਰੀਫ (ਗਰਮੀ), ਦੇਰ ਖਰੀਫ ਅਤੇ ਰਬੀ (ਸਰਦੀ) ਦੇ ਸੀਜ਼ਨ ਵਿੱਚ ਲਾਇਆ ਜਾਂਦਾ ਹੈ।

# ਅਮਿਤ ਸ਼ਾਹ ਦਾ ਦਬਦਬਾ ਕੇਂਦਰ ਸਰਕਾਰ 'ਚ ਕਾਇਮ ਰਹੇਗਾ

ਨਵੀਂ ਦਿੱਲੀ, 5 ਜੂਨ (ਪੋਸਟ ਬਿਊਰੋ)- ਸੀਨੀਅਰ ਮੰਤਰੀਆਂ ਨਾਲ ਬੈਠਕ ਕਰਕੇ ਅਮਿਤ ਸ਼ਾਹ ਨੇ ਸਾਫ ਕਰ ਦਿੱਤਾ ਹੈ ਕਿ ਪਾਰਟੀ ਵਿੱਚ ਪ੍ਰਧਾਨ ਵਾਂਗ ਉਨ੍ਹਾਂ ਦਾ ਦਬਦਬਾ ਸਰਕਾਰ 'ਚ ਵੀ ਕਾਇਮ ਰਹੇਗਾ। ਸੰਕੇਤ ਸਾਫ ਹੈ ਕਿ ਸਰਕਾਰ ਵਿੱਚ ਸ਼ਾਹ ਦੀ ਸਥਿਤੀ ਸਿਰਫ ਗ੍ਰਹਿ ਮੰਤਰੀ ਤੱਕ ਨਹੀਂ ਹੋਵੇਗੀ, ਹੋਰ ਮੰਤਰਾਲਿਆਂ ਦੇ ਕੰਮ ਉੱਤੇ ਵੀ ਉਨ੍ਹਾਂ ਦੀ ਅੱਖ ਬਰਾਬਰ ਲੱਗੀ ਰਹੇਗੀ ਤੇ ਸਾਰੇ ਅਹਿਮ ਫੈਸਲਿਆਂ 'ਚ ਉਨ੍ਹਾਂ ਦੀ ਰਾਏ ਅਹਿਮ ਹੋਵੇਗੀ। ਉਹ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਸਰਕਾਰ ਦੇ ਜ਼ਿਆਦਾ ਵੱਡੇ ਨੀਤੀਗਤ ਮਾਮਲਿਆਂ 'ਤੇ ਆਪਣਾ ਧਿਆਨ ਕੇਂਦਰਤ ਕਰਨਗੇ।

ਗ੍ਰਹਿ ਮੰਤਰਾਲੇ ਵਿੱਚ ਤੀਸਰੇ ਦਿਨ ਅਮਿਤ ਸ਼ਾਹ ਨੇ ਇੱਕੋ ਵੇਲੇ ਵਿਦੇਸ਼ ਮੰਤਰੀ ਐਸ ਜੈਸ਼ੰਕਰ, ਵਿੱਤ ਮੰਤਰੀ ਨਿਰਮਲਾ ਸੀਤਾਰਮਨ, ਪੈਟਰੋਲੀਅਮ ਤੇ ਸਟੀਲ ਮੰਤਰੀ ਧਰਮਿੰਦਰ ਪ੍ਰਧਾਨ, ਰੇਲ ਤੇ ਵਣਜ ਮੰਤਰੀ ਪੀਯੂਸ਼ ਗੋਇਲ ਦੇ ਨਾਲ-ਨਾਲ ਨੀਤੀ ਆਯੋਗ ਦੇ ਸੀ ਈ ਓ ਅਮਿਤਾਭ ਕਾਂਤ ਦੀ ਬੈਠਕ ਸੱਦੀ ਸੀ। ਇਹ ਬੈਠਕ ਗ੍ਰਹਿ ਮੰਤਰਾਲੇ ਦੇ ਅੰਦਰ ਗ੍ਰਹਿ ਮੰਤਰੀ ਦੇ ਦਫਤਰ ਨਾਲ ਲੱਗੇ ਕਾਨਫਰੰਸ ਰੂਮ 'ਚ ਹੋਈ, ਜਿਸ ਵਿੱਚ ਪੈਟਰੋਲੀਅਮ ਨਾਲ ਜੁੜੇ ਜਨਤਕ ਖੇਤਰ ਦੇ ਅਦਾਰਿਆਂ ਦੇ ਸੀ ਐਮ ਡੀ ਨੂੰ ਵੀ ਸੱਦਿਆ ਗਿਆ ਸੀ। ਪਤਾ ਲੱਗਾ ਹੈ ਕਿ ਕਰੀਬ ਦੋ ਘੰਟੇ ਚੱਲੀ ਬੈਠਕ 'ਚ ਦੇਸ਼ ਦੀ ਊਰਜਾ ਸੁਰੱਖਿਆ ਬਾਰੇ ਕਈ ਨੀਤੀਗਤ ਮੁੱਦਿਆਂ ਉੱਤੇ ਵਿਸਥਾਰ ਨਾਲ ਵਿਚਾਰ ਵਟਾਂਦਰਾ ਕੀਤਾ ਗਿਆ। ਇਸ ਤੋਂ ਜ਼ਾਹਿਰ ਹੈ ਕਿ ਅਮਿਤ ਸ਼ਾਹ 'ਤੇ ਆਪਣੇ ਵਿਭਾਗ ਤੋਂ ਇਲਾਵਾ ਹੋਰ ਵੀ ਜ਼ਿੰਮੇਵਾਰੀ ਹੋਵੇਗੀ।

NEED A LAWYER ??

KAUR LAW OFFICE

Red Seal NOTARY

MANJEET KAUR
LL.B., (London UK)
Barrister, Solicitor & Notary Public

REAL ESTATE LAWYER
- Residential & Commercial
- Sale/Purchase of House
- Mortgage & Refinancing
- Drafting/Reviewing Agreements
- Title Transfer
- 2nd Mortgage

IMMIGRATION
Skilled Worker Category
Spousal & Family Sponsorship
- Student Permits Visa & Renewals
- PR Renewal/ Citizenship Application

FAMILY LAWYER
- Child & Spousal support
- Custody & Access
- Divorce
- Equalization

BUSINESS LAW
- Incorporation & Shareholder agreements
- Sales & Purchase of Assets & Shares
- Notarization & Affidavits

WILLS & ESTATE
- Wills
- Certificate of Estate Trustee with/without Will
- Power of attorney for Property & Personal Care

Tel : 905-454-0099
Fax: 905-454-2234
2575 Steeles Ave. E., Unit 1,Brampton, ON L6T 5T1

UPPAL LAW

FREE CONSULTATION !

Avtar Uppal
Manager

Aman Uppal
BARRISTER, SOLICITOR

IMMIGRATION SERVICES :
- Visitor Visa ($200)
- Supervisa ($200)
- Study, Work, Visitor Extension ($125)
- Spousal Applications ($600)
- Family Sponsorship
- Permanent Residence Card Renewal ($65)
- Citizenship Applications ($70)
- All Invitation letters ($35)

OTHER PRACTICES:
- Criminal Law
- Power of Attorney ($60)
- Change of Name ($115)
- Notarization ($15)
- Travel Consent ($20)
- Affidavit ($35)
- Landlord and Tenant Matters ($250)

Prices are subject to Taxes, do not include Government fees and service by appointment only.
Offer valid until 9/30/201

Ph: 905-676-8200 Fax: 905-672-7848
351 Parkhurst Square, Brampton, ON L6T 5H5
2857 Derry Rd E, Mississauga, ON L4T 1A6

## ਫਰਾਂਸ ਵਿੱਚ ਭਾਰਤੀ ਦੇ ਕਤਲ ਦਾ ਕੇਸ ਲਾਈਟਰ ਨੇ ਸੁਲਝਾਇਆ

ਪੈਰਿਸ, 5 ਜੂਨ (ਪੋਸਟ ਬਿਊਰੋ)- ਫਰਾਂਸ ਪੁਲਸ ਨੇ ਕਿਹਾ ਕਿ ਉਨ੍ਹਾਂ ਨੇ ਉਤਰੀ ਫਰਾਂਸ ਵਿੱਚ ਇਕ ਸੜਕ ਦੇ ਕਿਨਾਰੇ ਇਕ ਬੋਰੇ ਵਿੱਚ ਮਿਲੀ ਲਾਸ਼ ਦੀ ਪਛਾਣ ਕਰ ਲਈ ਹੈ। ਇਹ ਇਕ ਭਾਰਤੀ ਨਾਗਰਿਕ ਦਰਸ਼ਨ ਸਿੰਘ ਦੀ ਲਾਸ਼ ਸੀ, ਜਿਸ ਦੀ ਸ਼ਨਾਖਤ ਵਿੱਚ ਉਸ ਦੀ ਜੇਬ 'ਚੋਂ ਮਿਲਿਆ ਸਿਗਰੇਟ ਲਾਈਟਰ ਮਦਦਗਾਰ ਸਾਬਤ ਹੋਇਆ।

ਪੁਲਸ ਨੇ ਕਿਹਾ ਕਿ ਕਤਲ ਦੇ ਇਕ ਸ਼ੱਕੀ ਭਾਰਤੀ ਨਾਗਰਿਕ ਨੂੰ ਬੈਲਜ਼ੀਅਮ ਵਿੱਚ ਹਿਰਾਸਤ ਵਿੱਚ ਲੈਣ ਦੇ ਲਈ ਇਹ ਸੁਰਾਗ ਸਹੀ ਸਾਬਤ ਹੋਇਆ। ਪਿਛਲੇ ਅਕਤੂਬਰ ਵਿੱਚ ਇਕ ਮਸ਼ੀਨ ਆਪ੍ਰੇਟਰ ਬੋਰਬ-ਬਰਗ ਵਿੱਚ ਇਕ ਟੋਏ ਨੂੰ ਸਾਫ ਕਰ ਰਿਹਾ ਸੀ। ਇਸ ਦੌਰਾਨ ਉਸ ਨੂੰ ਇਕ ਬੋਰੀ ਵਿੱਚ ਕਾਫੀ ਖਰਾਬ ਹਾਲਤ ਵਿੱਚ ਲਾਸ਼ ਮਿਲੀ। ਉਸ ਕੋਲੋਂ ਕੋਈ ਵੀ ਦਸਤਾਵੇਜ਼ ਜਾਂ ਸੈਲਫੋਨ ਬਰਾਮਦ ਨਹੀਂ ਹੋਇਆ ਸੀ। ਇਸ ਲਈ ਉਸ ਦੇ ਲਿੰਗ, ਕੌਮੀਅਤ ਜਾਂ ਮੌਤ ਦੀਆਂ ਹਾਲਤਾਂ ਦੇ ਬਾਰੇ ਜਾਣਨ ਵਿੱਚ ਕੋਈ ਮਦਦ ਨਹੀਂ ਮਿਲ ਰਹੀ ਸੀ। ਜਾਂਚਕਰਤਾਵਾਂ ਨੇ ਕਿਹਾ ਕਿ ਡੀ ਐਨ ਏ ਅਤੇ ਫਿੰਗਰ ਪ੍ਰਿੰਟਸ ਨਾਲ ਵੀ ਉਸ ਦੀ ਸ਼ਨਾਖਤ ਨਹੀਂ ਹੋ ਸਕੀ ਸੀ, ਪਰ ਇਕ ਸਿਗਰਟ ਲਾਈਟਰ ਨੇ ਜਾਂਚ ਦੀ ਦਿਸ਼ਾ ਬਦਲ ਦਿੱਤੀ। ਇਸ 'ਤੇ 'ਕ੍ਰੌਗ ਕੈਫੇ' ਲਿਖਿਆ ਸੀ, ਜੋ ਪੀੜਤ ਦੀ ਪੈਂਟ ਵਿੱਚ ਮਿਲਿਆ ਸੀ। ਇਸ ਨਾਲ ਸਫਲਤਾ ਮਿਲੀ, ਜਦ ਬੈਲਜ਼ੀਅਮ ਦੀ ਫੈਡਰਲ ਪੁਲਸ ਨੇ ਸਬੂਤਾਂ ਦੀ ਤਸਵੀਰ ਦੇਖੀ। ਪੁਲਸ ਪਿਛਲੇ ਜੂਨ ਤੋਂ ਬੈਲਜ਼ੀਅਮ ਵਿੱਚ 42 ਸਾਲਾ ਇਕ ਭਾਰਤੀ ਨਾਗਰਿਕ ਦਰਸ਼ਨ ਸਿੰਘ ਦੀ ਭਾਲ ਕਰ ਰਹੀ ਸੀ। ਇਸ ਲਾਈਟਰ ਦੀ ਮਦਦ ਨਾਲ ਉਸ ਨੇ ਮਾਮਲੇ ਦਾ ਖੁਲਾਸਾ ਕਰ ਦਿੱਤਾ। ਨੌਜਵਾਨ ਕੋਲੋਂ ਮਿਲੇ ਲਾਈਟਰ 'ਤੇ ਜਿਸ ਕੈਫੇ ਦਾ ਨਾਮ ਸੀ, ਉਹ ਬੈਲਜ਼ੀਅਮ ਅਤੇ ਨੀਦਰਲੈਂਡ ਵਿੱਚ ਆਮ ਹੈ। ਇਸ ਦੀ ਮਤਲਬ 'ਪਬ' ਹੁੰਦਾ ਹੈ। ਇਹ ਕੈਫੇ ਮ੍ਰਿਤਕ ਦੇ ਘਰ ਦੇ ਕੋਲ ਹੀ ਸਥਿਤ ਹੈ। ਜਾਂਚ ਅਧਿਕਾਰੀਆਂ ਨੇ ਟੂਥਬਰਸ਼ ਨਾਲ ਮ੍ਰਿਤਕ ਦੇ ਡੀ ਐਨ ਏ ਦੀ ਪਛਾਣ ਕੀਤੀ।

## ਡਾਰਵਿਨ 'ਚ ਬੰਦੂਕਧਾਰੀ ਵੱਲੋਂ ਗੋਲੀਬਾਰੀ ਕਾਰਨ ਚਾਰ ਮੌਤਾਂ



ਹਮਲਾਵਰ ਨੂੰ ਗ੍ਰਿਫਤਾਰ ਕਰਦੀ ਹੋਈ ਪੁਲਸ।

ਮੈਲਬਰਨ, 5 ਜੂਨ (ਪੋਸਟ ਬਿਊਰੋ)- ਉਤਰੀ ਆਸਟਰੇਲੀਆ ਦੇ ਸ਼ਹਿਰ ਡਾਰਵਿਨ 'ਚ ਕੱਲ੍ਹ ਇਕ ਬੰਦੂਕਧਾਰੀ ਨੇ ਸ਼ਹਿਰ ਦੇ ਵੱਖ-ਵੱਖ ਹਿੱਸਿਆਂ ਵਿੱਚ ਗੋਲੀਆਂ ਚਲਾ ਕੇ ਚਾਰ ਜਣਿਆਂ ਦੀ ਹੱਤਿਆ ਕਰ ਦਿੱਤੀ। ਇਸ ਪਿੱਛੋਂ ਪੁਲਸ ਨੇ ਇਕ ਘੰਟੇ ਦੀ ਜੱਦੋਜਹਿਦ ਮਗਰੋਂ ਹਮਲਾਵਰ ਨੂੰ ਗ੍ਰਿਫਤਾਰ ਕਰ ਲਿਆ ਹੈ। ਸਥਾਨਕ ਹੋਟਲ 'ਚ ਕਿਸੇ ਨੂੰ ਨਿਸ਼ਾਨਾ ਬਣਾਉਣ ਆਏ ਇਸ ਵਿਅਕਤੀ ਨੇ ਸ਼ਹਿਰ ਦੇ ਪੰਜ ਸਥਾਨਾਂ 'ਤੇ ਆਮ ਲੋਕਾਂ ਨੂੰ ਗੋਲੀਆਂ ਮਾਰੀਆਂ, ਜਿਸ 'ਚ ਕਾਫੀ ਲੋਕ ਗੰਭੀਰ ਰੂਪ 'ਚ ਜ਼ਖਮੀ ਹੋਏ ਹਨ। ਜ਼ਖਮੀਆਂ 'ਚ ਇਕ ਔਰਤ ਵੀ ਸ਼ਾਮਲ ਹੈ। 45 ਸਾਲਾ ਹਮਲਾਵਰ ਕੁਝ ਸਮਾਂ ਪਹਿਲਾਂ ਜੇਲ੍ਹ ਤੋਂ ਪੈਰੋਲ 'ਤੇ ਆਇਆ ਦੱਸਿਆ ਜਾਂਦਾ ਹੈ। ਸੁਰੱਖਿਆ ਏਜੰਸੀਆਂ ਨੇ ਇਸ ਨੂੰ ਅੱਤਵਾਦੀ ਘਟਨਾ ਮੰਨਣ ਤੋਂ ਇਨਕਾਰ ਕੀਤਾ ਹੈ। ਉਨ੍ਹਾਂ ਮੁਤਾਬਕ ਨਸ਼ੇ ਅਤੇ ਪੈਸੇ ਦੇ ਲੈਣ ਦੇਣ ਬਾਰੇ ਵਾਰਦਾਤ ਕੀਤੀ ਗਈ ਸੀ। ਪ੍ਰਧਾਨ ਮੰਤਰੀ ਸਕੌਟ ਮੌਰਿਸਨ ਨੇ ਆਪਣੇ ਬਿਆਨ 'ਚ ਘਟਨਾ ਦੀ ਨਿਖੇਧੀ ਕਰਦਿਆਂ ਪੁਲਸ ਅਤੇ ਸੁਰੱਖਿਆ ਏਜੰਸੀਆਂ ਦੀ ਮੁਸਤੈਦੀ ਦੀ ਸ਼ਲਾਘਾ ਕੀਤੀ ਹੈ।

## ਅਮਰੀਕਾ 'ਚ ਭਾਰਤਵੰਸ਼ੀ ਔਰਤ ਨੂੰ 22 ਸਾਲ ਦੀ ਕੈਦ

ਨਿਊਯਾਰਕ, 5 ਜੂਨ (ਪੋਸਟ ਬਿਊਰੋ)- ਅਮਰੀਕਾ 'ਚ ਭਾਰਤੀ ਮੂਲ ਦੀ ਔਰਤ ਸ਼ਮਦਈ ਅਰਜੁਨ (55) ਨੂੰ ਆਪਣੀ ਨੌਂ ਸਾਲ ਦੀ ਮਤਰੇਈ ਬੇਟੀ ਦੀ ਹੱਤਿਆ ਕਰਨ ਦੇ ਜੁਰਮ 'ਚ 22 ਸਾਲ ਕੈਦ ਦੀ ਸਜ਼ਾ ਸੁਣਾਈ ਗਈ ਹੈ। ਅਦਾਲਤ ਨੇ ਸਜ਼ਾ ਸੁਣਾਉਂਦੇ ਹੋਏ ਔਰਤ ਦੇ ਅਪਰਾਧ ਨੂੰ ਕਲਪਨਾ ਤੋਂ ਪਰੇ ਕਰਾਰ ਦਿੱਤਾ ਹੈ।



ਨਿਊਯਾਰਕ ਦੇ ਕੁਈਨਜ਼ 'ਚ ਰਹਿਣ ਵਾਲੀ ਸ਼ਮਦਈ ਨੇ ਅਗਸਤ 2016 'ਚ ਆਪਣੀ ਮਤਰੇਈ ਬੇਟੀ ਅੰਸ਼ਦੀਪ ਕੌਰ ਦੀ ਗਲਾ ਘੁੱਟ ਕੇ ਹੱਤਿਆ ਕਰ ਦਿੱਤੀ ਸੀ। ਇਸ ਕੇਸ 'ਚ ਕੁਈਨਜ਼ ਦੀ ਅਦਾਲਤ ਨੇ ਔਰਤ ਨੂੰ ਬੀਤੇ ਦਿਨੀਂ ਸਜ਼ਾ ਸੁਣਾਈ। ਉਸ ਨੂੰ ਪਿਛਲੇ ਮਹੀਨੇ ਦੋਸ਼ੀ ਕਰਾਰ ਦਿੱਤਾ ਗਿਆ ਸੀ। ਸਜ਼ਾ ਦੇ ਐਲਾਨ ਪਿੱਛੋਂ ਕੁਈਨਜ਼ ਦੇ ਕਾਰਜਕਾਰੀ ਅਟਾਰਨੀ ਜੌਨ ਰਿਆਨ ਨੇ ਇਕ ਬਿਆਨ 'ਚ ਕਿਹਾ, 'ਬੱਚੀ ਸਿਰਫ ਨੌਂ ਸਾਲ ਦੀ ਮਾਸੂਮ ਸੀ। ਕੋਰਟ ਨੇ ਇਸ ਤਰ੍ਹਾਂ ਦੀ ਸਜ਼ਾ ਸੁਣਾਈ ਹੈ, ਜਿਸ ਨਾਲ ਔਰਤ ਫਿਰ ਕਦੇ ਆਜ਼ਾਦ ਨਹੀਂ ਰਹਿ ਸਕੇਗੀ।' ਕੋਰਟ 'ਚ ਦਿੱਤੇ ਬਿਆਨ ਮੁਤਾਬਕ ਇਕ ਚਸ਼ਮਦੀਦ ਨੇ 19 ਅਗਸਤ 2016 ਨੂੰ ਸ਼ਮਦਈ ਨੂੰ ਆਪਣੇ ਅਪਾਰਟਮੈਂਟ ਤੋਂ ਸਾਬਕਾ ਪਤੀ ਰੇਮੰਡ ਨਾਰਾਇਣ ਅਤੇ ਆਪਣੇ ਦੋ ਪੋਤਿਆਂ ਨਾਲ ਬਾਹਰ ਨਿਕਲਦੇ ਦੇਖਿਆ। ਬੇਟੀ ਦੇ ਬਾਰੇ ਪੁੱਛਣ 'ਤੇ ਉਸ ਨੇ ਕਿਹਾ ਕਿ ਉਹ ਬਾਥਰੂਮ 'ਚ ਹੈ ਅਤੇ ਆਪਣੇ ਪਿਤਾ ਸੁਖਜਿੰਦਰ ਸਿੰਘ ਦਾ ਇੰਤਜ਼ਾਰ ਕਰ ਰਹੀ ਹੈ। ਸ਼ਮਦਈ ਨੇ ਰੇਮੰਡ ਨੂੰ ਤਲਾਕ ਦੇ ਕੇ ਸੁਖਜਿੰਦਰ ਨਾਲ ਵਿਆਹ ਕਰ ਲਿਆ ਸੀ। ਕੁਈਨਜ਼ ਦੇ ਅਸਿਸਟੈਂਟ ਅਟਾਰਨੀ ਮਾਈਕਲ ਕਰਟਿਸ ਮੁਤਾਬਕ ਸ਼ਮਦਈ ਨੇ ਕਈ ਵਾਰੀ ਲੜਕੀ ਨੂੰ ਜਾਨੋ ਮਾਰਨ ਦੀ ਧਮਕੀ ਦਿੱਤੀ ਸੀ। ਭਾਰਤ ਤੋਂ ਅਮਰੀਕਾ ਆਉਣ ਦੇ ਤਿੰਨ ਮਹੀਨੇ ਪਿੱਛੋਂ ਉਸ ਦੀ ਹੱਤਿਆ ਕਰ ਦਿੱਤੀ ਗਈ ਸੀ।

## ਦੀਵਾਰ ਵਾਲੇ ਕੇਸ ਵਿੱਚ ਸਦਨ ਵਿੱਚ ਡੋਨਾਲਡ ਟਰੰਪ ਅਦਾਲਤ ਦੀ ਲੜਾਈ ਜਿੱਤੇ

ਵਾਸ਼ਿੰਗਟਨ, 5 ਜੂਨ (ਪੋਸਟ ਬਿਊਰੋ)- ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਦਾ ਸਦਨ ਦੇ ਨਾਲ ਅਦਾਲਤੀ ਲੜਾਈ ਵਿੱਚ ਹਾਰ ਦਾ ਸਿਲਸਿਲਾ ਰੁਕ ਗਿਆ। ਫੈਡਰਲ ਜਸਟਿਸ ਨੇ ਡੈਮੋਕ੍ਰੇਟ ਕੰਟਰੋਲ ਸਦਨ ਦੇ ਉਹ ਕੇਸ ਰੱਦ ਕਰ ਦਿੱਤਾ, ਜਿਸ ਵਿੱਚ ਮੈਕਸੀਕੋ ਸਰਹੱਦ 'ਤੇ ਦੀਵਾਰ ਬਣਾਉਣ ਲਈ ਐਮਰਜੈਂਸੀ ਸ਼ਕਤੀਆਂ ਵਰਤਣ ਤੋਂ ਰੋਕਣ ਦੀ ਮੰਗ ਕੀਤੀ ਗਈ ਸੀ। ਜੱਜ ਨੇ ਕਿਹਾ ਹੈ ਕਿ ਕਾਂਗਰਸ ਦੇ ਕੋਲ ਕੇਸ ਕਰਨ ਲਈ ਅਧਿਕਾਰਾਂ ਦੀ ਕਮੀ ਹੈ।



ਉਂਜ ਡੋਨਾਲਡ ਟਰੰਪ ਦੀ ਇਹ ਜਿੱਤ ਇੰਨੀ ਵੱਡੀ ਨਹੀਂ ਰਹਿ ਗਈ, ਕਿਉਂਕਿ ਪਿਛਲੇ ਮਹੀਨੇ ਕੈਲੀਫੋਰਨੀਆ ਦੀ ਇਕ ਫੈਡਰਲ ਅਦਾਲਤ ਨੇ ਦੀਵਾਰ ਦੇ ਇਕ ਪ੍ਰਮੁੱਖ ਹਿੱਸੇ ਦੇ ਨਿਰਮਾਣ 'ਤੇ ਰੋਕ ਲਾ ਦਿੱਤੀ ਸੀ। ਕੈਲੀਫੋਰਨੀਆ ਵਿੱਚ ਇਹ ਕੇਸ ਅਮਰੀਕਨ ਸਿਵਲ ਲਿਬਰਟੀਜ਼ ਯੂਨੀਅਨ ਨੇ ਸੇਰਾ ਕਲੱਬ ਤੇ ਸਦਰਨ ਬਾਰਡਰ ਕਮਿਊਨਿਟੀਜ਼ ਕਾੱਲੀਸ਼ਨ ਵੱਲੋਂ ਦਾਇਰ ਕੀਤਾ ਸੀ। ਮੈਕਫੈਡੇਨ ਨੇ ਫੈਸਲਾ ਕੀਤਾ ਕਿ ਸਦਨ ਦੇ ਇਕ ਸਿੰਗਲ ਚੈਂਬਰ ਦੇ ਕੋਲ ਸਰਕਾਰ ਵੱਲੋਂ ਆਪਣੀਆਂ ਸ਼ਕਤੀਆਂ ਦਾ ਜ਼ਿਆਦਾ ਇਸਤੇਮਾਲ ਕਰਨ ਨੂੰ ਲੈ ਕੇ ਕੇਸ ਕਰਨ ਦਾ ਕੋਈ ਅਧਿਕਾਰ ਖੇਤਰ ਨਹੀਂ ਹੈ। ਡੈਮੋਕ੍ਰੇਟ ਸਪੀਕਰ ਨੈਨਸੀ ਪੇਲੋਸੀ ਦੀ ਅਗਵਾਈ ਵਿੱਚ ਪ੍ਰਤੀਨਿਧ ਸਭਾ ਨੇ ਖੁਦ ਕੇਸ ਕੀਤਾ ਸੀ, ਕਿਉਂਕਿ ਸੀਨੇਟ ਵਿੱਚ ਰਿਪ-ਬਲਿਕਨ ਦਾ ਬਹੁਮਤ ਹੈ। ਨਿਆ ਵਿਭਾਗ ਦੇ ਫੈਸਲੇ ਦਾ ਸਵਾਗਤ ਕਰਦੇ ਹੋਏ ਕਿਹਾ ਸੀ ਕਿ ਜਸਟਿਸ ਨੇ ਸਹੀ ਫੈਸਲਾ ਦਿੱਤਾ ਹੈ ਕਿ ਪ੍ਰਤੀਨਿਧ ਸਭਾ ਰਾਜਨੀਤਕ ਵਿਵਾਦਾਂ ਵਿੱਚ ਨਿਆਂ ਪਾਲਿਕਾ ਨੂੰ ਆਪਣਾ ਪੱਖ ਲੈਣ ਲਈ ਨਹੀਂ ਕਹਿ ਸਕਦੀ ਹੈ।

## ਕੈਲੇਫੋਰਨੀਆ ਦੇ ਸਿੱਖ ਦੀ ਸਤਰੰਗੀ ਪੱਗ ਦੀ ਲੋਕਾਂ ਵੱਲੋਂ ਪ੍ਰਸ਼ੰਸਾ

ਵਾਸ਼ਿੰਗਟਨ, 5 ਜੂਨ (ਪੋਸਟ ਬਿਊਰੋ)- ਖੁਦ ਨੂੰ ਬਾਈਸੈਕਸੁਅਲ ਦੱਸਣ ਵਾਲੇ ਭਾਰਤੀ ਮੂਲ ਦੇ ਇੱਕ ਨਿਊਰੋਸਾਇੰਟਿਸਟ ਸਿੱਖ ਨੇ ਇਸ ਸਾਲ ਦੇ ਪ੍ਰਾਈਡ ਮੰਥ 'ਚ ਇੰਦਰਧਨੁਸ਼ ਪੱਗ ਪਹਿਨੀ ਹੈ, ਜਿਸ 'ਤੇ ਉਨ੍ਹਾਂ ਨੂੰ ਭਾਰਤੀ ਨਾਗਰਿਕਾਂ ਤੋਂ ਖੂਬ ਪ੍ਰਸ਼ੰਸਾ ਮਿਲੀ ਹੈ। ਇੰਦਰਧਨੁਸ਼ ਐਲ ਜੀ ਬੀ ਟੀ ਕਿਊ ਭਾਈਚਾਰੇ ਦੇ ਪ੍ਰਤੀਕ ਵਜੋਂ ਵਰਤਿਆ ਜਾਂਦਾ ਹੈ।



ਸੇਨ ਡਿਆਗੋ ਵਿੱਚ ਰਹਿੰਦੇ ਜੀਵਨਦੀਪ ਕੋਹਲੀ ਨੇ ਆਪਣੀ ਸਤਰੰਗੀ ਪੱਗ ਦੀ ਫੋਟੋ ਸੋਸ਼ਲ ਮੀਡੀਆ ਸਾਈਟ ਟਵਿੱਟਰ 'ਤੇ ਸਾਂਝੀ ਕੀਤੀ ਤੇ ਉਨ੍ਹਾਂ ਨੂੰ ਕੁਝ ਹੀ ਦੇਰ ਵਿੱਚ ਲਗਭਗ 30 ਹਜ਼ਾਰ ਲਾਈਕਸ ਮਿਲ ਗਏ। ਪ੍ਰਾਈਡ ਮੰਥ ਦੀ ਸ਼ੁਰੂਆਤ ਇੱਕ ਜੂਨ 1 ਨੂੰ ਹੋਈ ਸੀ। ਇਹ ਐੱਲ ਜੀ ਬੀ ਟੀ ਭਾਈਚਾਰੇ ਦੇ ਸਨਮਾਨ ਵਿੱਚ ਮਨਾਇਆ ਜਾਂਦਾ ਹੈ। ਇਹ 1969 'ਚ ਜੂਨ ਵਿੱਚ ਨਿਊ ਯਾਰਕ ਦੇ ਸਟੋਨਵੇਲ ਦੰਗੇ ਦੀ ਯਾਦ ਵਿੱਚ ਮਨਾਇਆ ਜਾਂਦਾ ਹੈ, ਜੋ ਸਮਾਨ ਅਧਿਕਾਰਾਂ ਦੇ ਅੰਦੋਲਨ ਦਾ ਇੱਕ ਅਹਿਮ ਮੋੜ ਹੈ। ਕੋਹਲੀ ਮੁਤਾਬਕ ਉਹ ਦੱਸਣਾ ਚਾਹੁੰਦੇ ਹਨ ਕਿ ਪੱਗ ਸਿੱਖਾਂ ਦੀ ਇੱਕ ਜ਼ਿੰਮੇਵਾਰੀ ਹੈ ਅਤੇ ਇਹ ਸਤਰੰਗੀ ਟੋਪੀ ਲਾਉਣ ਵਰਗਾ ਨਹੀਂ ਹੈ। ਪੱਗ ਵਿਸ਼ਵ 'ਚ ਇਸ ਗੱਲ ਦੀ ਪ੍ਰਤੀਕ ਹੈ ਕਿ ਜਿਸ ਕਿਸੇ ਵਿਅਕਤੀ ਨੇ ਇਸ ਨੂੰ ਧਾਰਨ ਕੀਤਾ ਹੈ, ਉਸ ਤੋਂ ਮਦਦ ਮੰਗੀ ਜਾ ਸਕਦੀ ਹੈ। ਉਨ੍ਹਾਂ ਲਿਖਿਆ ਕਿ ਉਨ੍ਹਾਂ ਨੂੰ ਇਸ ਗੱਲ ਬਾਰੇ ਮਾਣ ਹੈ ਕਿ ਉਹ ਬਾਈਸੈਕਸੁਅਲ ਅਤੇ ਦਾੜ੍ਹੀ ਰੱਖਣ ਵਾਲੇ ਵਿਗਿਆਨੀ ਹਨ। ਕੋਹਲੀ ਕਹਿੰਦੇ ਹਨ ਕਿ ਉਹ ਖੁਦ ਨੂੰ ਕਿਸਮਤ ਵਾਲੇ ਸਮਝਦੇ ਹਨ ਕਿ ਉਹ ਆਪਣੀ ਬੇਮਿਸਾਲਤਾ ਦੇ ਸਾਰੇ ਪੱਖਾਂ ਨੂੰ ਪ੍ਰਦਰਸ਼ਿਤ ਕਰ ਪਾ ਰਹੇ ਹਨ ਅਤੇ ਉਹ ਹੋਰ ਲੋਕਾਂ ਨੂੰ ਇਸੇ ਆਜ਼ਾਦੀ ਦੀ ਦਿਸ਼ਾ ਵਿੱਚ ਯਤਨ ਕਰਦੇ ਰਹਿਣਗੇ।

## 55 ਸਾਲ ਤੋਂ ਅਣਗੌਲਿਆ ਅਤੇ ਪੰਜ ਪੌਂਡ ਦਾ ਖਰੀਦਿਆ ਸ਼ਤਰੰਜ ਦਾ ਮੋਹਰਾ 10 ਲੱਖ ਪੌਂਡ ਦਾ ਵਿਕਿਆ

ਲੰਡਨ, 5 ਜੂਨ (ਪੋਸਟ ਬਿਊਰੋ)- ਸਕਾਟਲੈਂਡ ਵਿੱਚ ਇਕ ਦਿਲਚਸਪ ਕੇਸ ਸਾਹਮਣੇ ਆਇਆ ਹੈ। ਇਥੇ ਇਕ ਐਂਟੀਕ ਡੀਲਰ ਨੇ ਸਾਲ 1964 ਵਿੱਚ ਪੰਜ ਪੌਂਡ ਦਾ ਸ਼ਤਰੰਜ ਦਾ ਮੋਹਰਾ ਖਰੀਦਿਆ ਸੀ। ਓਦੋਂ ਡੀਲਰ ਨੂੰ ਬਿਲਕੁਲ ਵੀ ਅੰਦਾਜ਼ਾ ਨਹੀਂ ਸੀ ਕਿ ਸਾਧਾਰਨ ਜਿਹਾ ਇਹ ਮੋਹਰਾ ਇੰਨਾ ਕੀਮਤੀ ਹੋਵੇਗੀ ਤੇ ਉਸ ਦੀ ਕਿਸਮਤ ਪਲਟ ਦੇਵੇਗਾ।



ਡੀਲਰ ਨੂੰ ਹੈਰਾਨੀ ਉਦੋਂ ਹੋਈ ਜਦੋਂ ਉਸ ਨੂੰ ਪਤਾ ਚੱਲਿਆ ਕਿ ਸਿਰਫ ਪੰਜ ਪੌਂਡ ਵਿੱਚ ਖਰੀਦੇ ਗਏ ਮੋਹਰੇ ਦੀ ਕੀਮਤ 10 ਲੱਖ ਪੌਂਡ ਹੋ ਗਈ ਹੈ। ਅਸਲ ਵਿੱਚ ਇਹ ਮੋਹਰਾ ਹਾਥੀ ਦੰਦ ਦਾ ਬਣਿਆ ਹੈ, ਜਿਸ ਨੂੰ ਲੂਈਸ ਵਾਰਡਰ ਦੇ ਨਾਂਅ ਨਾਲ ਜਾਣਿਆ ਜਾਂਦਾ ਹੈ। ਡੀਲਰ ਦੇ ਖਰੀਦਣ ਦੇ ਬਾਅਦ ਇਹ ਮੋਹਰਾ 55 ਸਾਲ ਤੱਕ ਦਰਾਜ ਵਿੱਚ ਪਿਆ ਰਿਹਾ, ਜਿਸ ਨੂੰ ਉਨ੍ਹਾਂ ਨੇ ਪੂਰੀ ਤਰ੍ਹਾਂ ਅਣਗੌਲਿਆ ਕੀਤਾ ਗਿਆ ਸੀ, ਪਿੱਛੇ ਜਿਹੇ ਇਸ ਨੂੰ ਨਿਲਾਮੀ ਘਰ ਵਿੱਚ ਲਿਆਂਦਾ ਗਿਆ, ਜਿਥੇ ਇਸ ਦੀ ਬੋਲੀ 10 ਲੱਖ ਪੌਂਡ ਤੱਕ ਲੱਗ ਚੁੱਕੀ ਹੈ, ਪਰ ਇਸ ਨੂੰ ਦੋ ਜੁਲਾਈ ਨੂੰ ਨਿਲਾਮ ਕੀਤਾ ਜਾਵੇਗਾ। ਵਰਨਣ ਯੋਗ ਹੈ ਕਿ ਲੰਡਨ ਵਿੱਚ 12ਵੀਂ ਸਦੀ ਦੇ ਆਖਰ ਵਿੱਚ ਲੂਈਸ ਵੈਸਮੈਨ ਨਾਂਅ ਨਾਲ ਕੁਝ ਕੀਮਤੀ ਸ਼ਤਰੰਜ ਦੇ ਮੋਹਰੇ ਬਣਾਏ ਗਏ ਸਨ। ਸਾਲ 1831 ਵਿੱਚ ਅਜਿਹੇ 93 ਮੋਹਰੇ ਸਕਾਟਲੈਂਡ ਦੇ ਲੂਈਸ ਟਾਪੂ ਤੋਂ ਮਿਲੇ ਸਨ। ਇਨ੍ਹਾਂ ਵਿੱਚੋਂ 82 ਲੰਡਨ ਦੇ ਬ੍ਰਿਟਿਸ਼ ਮਿਊਜ਼ੀਅਮ ਅਤੇ 11 ਈਡਨਬਰਾ ਵਿੱਚ ਪਏ ਹਨ। ਇਸ ਸੈਟ ਵਿੱਚੋਂ ਪੰਜ ਮੋਹਰੇ ਲਾਪਤਾ ਦੱਸੇ ਜਾਂਦੇ ਰਹੇ ਹਨ। ਇਨ੍ਹਾਂ ਵਿੱਚ ਇਕ ਘੋੜਾ ਅਤੇ ਚਾਰ ਵਾਰਡਰ ਮਤਲਬ ਜੇਲਰ ਹਨ। ਇਹ ਉਨ੍ਹਾਂ ਲਾਪਤਾ ਮੋਹਰਾਂ ਵਿੱਚ ਇਕ ਹੈ।

## ਏਡਜ਼ ਦੀਆਂ ਦੋ ਤਿਹਾਈ ਦਵਾਈਆਂ ਦੀ ਸਪਲਾਈ ਭਾਰਤ ਕਰਦੈ

ਯੂ ਐੱਨ, 5 ਜੂਨ (ਪੋਸਟ ਬਿਊਰੋ)- ਭਾਰਤ ਦੁਨੀਆ ਭਰ ਵਿੱਚ ਐੱਚ ਆਈ ਵੀ/ ਏਡਜ਼ ਦੇ ਇਲਾਜ ਵਿੱਚ ਵਰਤੇ ਜਾਣ ਵਾਲੀਆਂ ਦੋ ਤਿਹਾਈ ਐਂਟੀਰੇਟ੍ਰੋਵਾਇਰਲ ਦਵਾਈਆਂ ਦੀ ਸਪਲਾਈ ਕਰਦਾ ਹੈ। ਇਲਾਜ ਤੱਕ ਵਿਕਾਸੀਲ ਦੇਸ਼ਾਂ ਦੀ ਪਹੁੰਚ ਵਧਾਉਣ ਵਿੱਚ ਮਦਦ ਕਰਦੇ ਹੋਏ ਭਾਰਤ ਏਡਜ਼ ਦੇ ਖਿਲਾਫ ਲੜਾਈ ਵਿੱਚ ਮਹੱਤਵ ਪੂਰਨ ਭੂਮਿਕਾ ਨਿਭਾ ਰਿਹਾ ਹੈ। ਯੂ ਐਨ ਵਿੱਚ ਭਾਰਤ ਦੇ ਸਥਾਈ ਮਿਸ਼ਨ ਦੀ ਫਸਟ ਸੈਕਟਰੀ ਪੁਲੋਮੀ ਤ੍ਰਿਪਾਠੀ ਨੇ ਇਹ ਗੱਲ ਕਹੀ ਹੈ।

ਫਸਟ ਸੈਕਟਰੀ ਤ੍ਰਿਪਾਠੀ ਯੂ ਐਨ ਵਿੱਚ ਇਸ ਬਾਰੇ ਇੱਕ ਸੈਸ਼ਨ ਨੂੰ ਸੰਬੋਧਨ ਕਰ ਰਹੀ ਸੀ। ਉਨ੍ਹਾਂ ਨੇ ਕਿਹਾ ਕਿ ਭਾਰਤੀ ਦਵਾ ਕੰਪਨੀਆਂ ਅਹਿਮ ਭੂਮਿਕਾ ਨਿਭਾ ਰਹੀਆਂ ਹਨ। ਇਥੋਂ ਦੀਆਂ ਸਸਤੀਆਂ ਜੈਨਰਿਕ ਦਵਾਈਆਂ ਨੇ ਇਲਾਜ ਤੱਕ ਲੋਕਾਂ ਦੀ ਪਹੁੰਚ ਯਕੀਨੀ ਕਰਨ ਵਿੱਚ ਮਦਦ ਕੀਤੀ ਹੈ। ਸਾਲ 2030 ਤੱਕ ਏਡਜ਼ ਨੂੰ ਖਤਮ ਕਰਨ ਦਾ ਟੀਚਾ ਹਾਸਲ ਕਰਨ ਦੀ ਦਿਸ਼ਾ ਵਿੱਚ ਕਈ ਚੁਣੌਤੀਆਂ ਬਾਕੀ ਹਨ। ਭਾਰਤ ਵਿੱਚ 1995 ਵਿੱਚ ਏਡਜ਼ ਦੇ ਸਭ ਤੋਂ ਵੱਧ ਨਵੇਂ ਮਾਮਲੇ ਸਾਹਮਣੇ ਆਏ ਸਨ। ਅੱਜ ਉਸ ਦੀ ਤੁਲਨਾ ਵਿੱਚ ਨਵੇਂ ਕੇਸਾਂ ਵਿੱਚ ਅੱਸੀ ਫੀਸਦੀ ਤੋਂ ਵੱਧ ਕਮੀ ਆਈ ਹੈ। ਇਸੇ ਤਰ੍ਹਾਂ 2005 ਵਿੱਚ ਏਡਜ਼ ਨਾਲ ਹੋਈਆਂ ਸਭ ਤੋਂ ਵੱਧ ਮੌਤਾਂ ਦੀ ਤੁਲਨਾ ਵਿੱਚ ਅੱਜ ਇਸ ਨਾਲ ਮਰਨ ਵਾਲਿਆਂ ਦੀ ਗਿਣਤੀ 71 ਫੀਸਦੀ ਤੱਕ ਘੱਟ ਹੋ ਗਈ ਹੈ। 2000 ਤੋਂ 2011 ਦੇ ਵਿਚਾਲੇ ਐਚ ਆਈ ਵੀ ਨਾਲ ਨਿਪਟਣ ਲਈ ਭਾਰਤ ਵਿੱਚ ਵਿਸ਼ੇਸ਼ ਪ੍ਰਗਤੀ ਹੋਈ ਸੀ। 2000 ਦੀ ਤੁਲਨਾ ਵਿੱਚ 2012 ਵਿੱਚ ਸਾਲਾਨਾ ਨਵੇਂ ਕੇਸਾਂ ਦੀ ਗਿਣਤੀ ਅੱਧੀ ਹੋ ਗਈ ਸੀ।

## ਪਾਕਿ ਵਿੱਚ ਨਾਬਾਲਗ ਹਿੰਦੂ ਕੁੜੀ ਨਾਲ ਨਿਕਾਹ ਕਰਨ ਵਾਲੇ ਨੂੰ ਜੇਲ੍ਹ ਭੇਜਿਆ



ਲਾਹੌਰ, 5 ਜੂਨ (ਪੋਸਟ ਬਿਊਰੋ)- ਪਾਕਿਸਤਾਨ ਦੇ ਸੂਬਾ ਸਿੰਧ ਦੀ ਅਦਾਲਤ ਵੱਲੋਂ ਪਹਿਲੀ ਵਾਰ ਘੱਟ ਗਿਣਤੀ ਹਿੰਦੂ ਭਾਈਚਾਰੇ ਦੀ ਕਿਸੇ ਨਾਬਾਲਗ ਕੁੜੀ ਦਾ ਧਰਮ ਪਰਿਵਰਤਨ ਕਰਨ ਉਪਰੰਤ ਉਸ ਨਾਲ ਨਿਕਾਹ ਕਰਨ ਵਾਲੇ ਦੋਸ਼ੀ ਨੂੰ ਜੇਲ੍ਹ ਦੀ ਸਜ਼ਾ ਸੁਣਾਈ ਹੈ, ਜਿਸ ਦੀ ਹਰ ਪਾਸੇ ਚਰਚਾ ਹੈ।

ਪਤਾ ਲੱਗਾ ਹੈ ਕਿ ਸੂਬਾ ਸਿੰਧ ਦੇ ਸ਼ਹਿਰ ਉਧੇਰੋ ਲਾਲ ਦੇ ਪਿੰਡ ਮਟਾਰੀ ਵਿੱਚ ਰਹਿੰਦੇ ਰਾਸ਼ੀ ਕੁਮਾਰ ਕੋਲਹੀ ਵੱਲੋਂ ਪੁਲਸ ਕੋਲ ਸ਼ਿਕਾਇਤ ਦਰਜ ਕਰਵਾਈ ਗਈ ਸੀ ਕਿ ਉਸ ਦੀ ਧੀ ਅਨੀਤਾ ਕੋਹਲੀ (14), ਜੋ ਅੱਠਵੀਂ ਜਮਾਤ ਵਿੱਚ ਪੜ੍ਹਦੀ ਹੈ, ਨੂੰ ਹਬੀਬ ਬਰਿਚੋ ਨਾਮੀ ਮੁਸਲਿਮ ਨੌਜਵਾਨ ਵੱਲੋਂ ਅਗਵਾ ਕਰਕੇ ਕਿਸੇ ਅਣਪਛਾਤੀ ਜਗ੍ਹਾ ਰੱਖਿਆ ਗਿਆ ਹੈ। ਉਸ ਦੇ ਵਾਰ-ਵਾਰ ਅਪੀਲ ਕਰਨ ਦੇ ਬਾਵਜੂਦ ਪੁਲਸ ਨੇ ਮਾਮਲਾ ਦਰਜ ਨਹੀਂ ਕੀਤਾ ਅਤੇ ਇਸ ਦੌਰਾਨ ਹਬੀਬ ਅਨੀਤਾ ਦਾ ਧਰਮ ਪਰਿਵਰਤਨ ਕਰਵਾ ਕੇ ਉਸ ਨਾਲ ਨਿਕਾਹ ਕਰਵਾਉਣ 'ਚ ਕਾਮਯਾਬ ਹੋ ਗਿਆ। ਇਸਲਾਮ ਕਬੂਲ ਕਰਨ ਬਾਰੇ ਪਤਾ ਲੱਗਣ ਉਪਰੰਤ ਸਾਜ਼ੀਆ ਬਣੀ ਅਨੀਤਾ ਦੇ ਪਿਤਾ ਨੇ ਅਦਾਲਤ ਤੋਂ ਇਨਸਾਫ ਲਈ ਗੁਹਾਰ ਲਾਈ ਅਤੇ ਦੱਸਿਆ ਕਿ ਉਸ ਦੀ ਧੀ ਦੀ ਉਮਰ ਅਜੇ ਸਿਰਫ 14 ਸਾਲ ਹੈ। ਇਸ ਦੇ ਬਾਅਦ ਅਦਾਲਤ ਨੇ ਬਾਲ ਵਿਆਹ ਐਕਟ ਤਹਿਤ ਦੋਸ਼ੀ ਨੂੰ ਤੁਰੰਤ ਗ੍ਰਿਫਤਾਰ ਕਰਕੇ ਅਦਾਲਤ 'ਚ ਪੇਸ਼ ਕਰਨ ਦੇ ਹੁਕਮ ਜਾਰੀ ਕੀਤੇ ਸਨ। ਅਦਾਲਤ 'ਚ ਪੇਸ਼ ਹੋਣ ਉਪਰੰਤ ਬਾਲ ਵਿਆਹ ਐਕਟ ਦਾ ਉਲੰਘਣ ਕਰਨ ਦੇ ਦੋਸ਼ੀ ਹਬੀਬ ਬਰਿਚੋ ਨੂੰ ਜੇਲ੍ਹ ਭੇਜ ਦਿੱਤਾ ਗਿਆ, ਜਦ ਕਿ ਅਨੀਤਾ ਨੂੰ ਸਰਕਾਰੀ ਆਸਰਾ ਘਰ ਵਿਖੇ ਭੇਜ ਦਿੱਤਾ ਗਿਆ ਹੈ।


Honesty, Reliability, Commitment
Hira Randhawa
Broker
• 1 yr Home Warranty
• 40% Discount on Brand Name
• Appliances & Furniture
• Free Evaluation & Lowest Commission
www.hirarandhawa.com
hirarandhawa@yahoo.ca
"OPEN HOUSE UNTIL SOLD"
For all your Real Estate needs: 416.319.0551 or 905.913.8585

$634,900 — Sandalwood & Conestoga
Stunning Detached Home With Single Car Garage, 3 Bedroom, 2 Washrooms, Fully Renovated Top To Bottom To Thousands Spent On Renovation, Nestled On A Quiet, Family Friendly Street Close To Park, School, Hwy 410, Shopping, School & Other Amenities.

$729,900 — Dixie/Octillo
Immaculate 3 Bedroom Semi With 1 Br Fin Basement On A 30 Ft Lot . Hardwood Flooring (No Carpet In Entire House), Separate Living/Family, Eat-In-Kitchen, 2 Full Washrooms On 2nd Floor, Extended Driveway ,Concrete Work On Side And Backyard And Much More!

$739,913 — Charleston Side Rd/Main St.
Detached Home On Well Landscaped. Huge Corner Lot W/Private Backyard In Historic Town Of Alton With Finished Double Car Garage. 3 Bedroom Upstairs, 2 Full Washrooms W/4 Pc Bath, Master Bedroom, New Roof 2018 & etc.

$775,000 — Charolais/Chinguacousy Rd
Renovated Bungalow, 3 Good Size Bedrooms Plus Den + 2 Bed Finished Basement W/Separate Entrance With Appliances, New Upgraded Kitchen + 3 Newly Renovated Bathrooms + New Hardwood Floors Very Close To Hwy, etc.

Call For:
RESP, SUPER -VISA,& TRAVEL
Insurance
H.Randhawa
416-319-0551



FIRST CHOICE FINANCIAL LIMITED
TRUCK LOANS
ਟਰੱਕ ਲੋਨ ਅਪਰੂਵਲ ਸਿਰਫ 2 ਘੰਟਿਆਂ ਦੇ ਅੰਦਰ-ਅੰਦਰ
ਹਰ ਤਰ੍ਹਾਂ ਦੇ ਨਵੇਂ ਤੇ ਪੁਰਾਣੇ ਟਰੱਕ ਤੇ ਟ੍ਰੇਲਰ ਦੀ Financing
◦ Low Down payment/Flexible Terms
◦ Large Inventory of New Trucks & Trailers
◦ Quick Approvals ◦ Honest Service
◦ Best Rate in Town ◦ Offices all over Canada
For more Information Contact
Rajdeep: 647.707.4167
Office: 905.678.2424



MICHELIN | Hankook | Continental | ROADLUX | BFGoodrich | AEOLUS | COMPASAL | Chevron Delo
Special OIL CHANGE Rates
BEST TRUCK REPAIR & TIRE CENTRE
We also Specialize in Engine, AC, Transmission, Differential Rebuild, Safety Inspection & All Kinds of Electric Work
ਕਾਰਾਂ ਤੇ ਟਰਕਾਂ ਦੀ ਸਸਤੀ ਏ-ਸੀ ਰਿਪੇਅਰ। ਟਰੱਕਾਂ ਦੇ ਟਾਇਰਾਂ ਤੇ ਭਾਰੀ ਸੇਲ
SPECIAL ON TRUCK ALIGNMENT | BRAND NEW MACHINES 2018
Brake & Drum - Made in U.S - On Special Sale!
Special Sale 4 CAT Batteries $550 with Installation
Special Sale on Smartway Approved Tires $245 each
www.besttruckrepairandtire.ca | Email: ranjitbesttruck@yahoo.ca
7 ਦਿਨ ਖੁੱਲਾ
Spring Sale
1715 Sismet Rd, Mississauga | Call Ranjit: 416.624.8351 | Tel: 905.625.0055

# ਪੰਜ ਏਕੜ ਕਮਾਦ ਵਾਹੁਣ ਪਿੱਛੋਂ ਕਿਸਾਨ ਆਪਣੇ ਸਾਥੀਆਂ ਸਮੇਤ ਮਰਨ ਵਰਤ ਉੱਤੇ ਬੈਠਾ

ਮੁਕੇਰੀਆਂ, 5 ਜੂਨ (ਪੋਸਟ ਬਿਊਰੋ)- ਖੰਡ ਮਿੱਲ ਮੁਕੇਰੀਆਂ ਉੱਤੇ ਗੰਨੇ ਦੀ ਅਦਾਇਗੀ ਕਰਨ ਦੇ ਦੋਸ਼ ਲਾ ਕੇ ਪਿੰਡ ਥੇਹ ਬਰਨਾਲਾ ਦੇ ਕਿਸਾਨ ਨਿਰਮਲ ਸਿੰਘ ਨੇ ਪੰਜ ਏਕੜ ਤਿਆਰ ਕਮਾਦ ਵਾਹ ਦਿੱਤਾ ਹੈ ਤੇ ਖੇਤ ਵਿੱਚ ਪੰਜ ਸਾਥੀ ਕਿਸਾਨਾਂ ਸਮੇਤ ਮਰਨ ਵਰਤ ਸ਼ੁਰੂ ਕਰ ਦਿੱਤਾ ਹੈ। ਰੋਸ ਧਰਨੇ ਦੌਰਾਨ ਕਿਸਾਨਾਂ ਨੇ ਖੰਡ ਮਿੱਲ ਦੇ ਜੀ ਐਮ ਦਾ ਪੁਤਲਾ ਬਣਾ ਕੇ ਉਸ ਨੂੰ ਸੰਬੋਧਨ ਕਰ ਕੇ ਦੁੱਖੜੇ ਸੁਣਾਏ। ਧਰਨੇ ਵਿੱਚ ਪੱਗੜੀ ਸੰਭਾਲ ਜੱਟਾ ਲਹਿਰ ਦੇ ਆਗੂ ਗੁਰਕ੍ਰਿਪਾਲ ਸਿੰਘ, ਅਮਰਜੀਤ ਸਿੰਘ ਕਾਨੂੰਗੋ, ਉਂਕਾਰ ਸਿੰਘ ਪੁਰਾਣਾ ਭੰਗਾਲਾ ਤੇ ਮਨਜੀਤ ਸਿੰਘ ਕੌਲਪੁਰ ਵੀ ਹਾਜ਼ਰ ਸਨ।

ਇਸ ਮੌਕੇ ਕਿਸਾਨ ਬੁਲਾਰਿਆਂ ਨੇ ਕਿਹਾ ਕਿ ਮੁਕੇਰੀਆਂ ਖੰਡ ਮਿੱਲ ਵੱਲ ਕਿਸਾਨਾਂ ਦਾ ਕਰੀਬ 400 ਕਰੋੜ ਰੁਪਏ ਤੋਂ ਵੱਧ ਦਾ ਬਕਾਇਆ ਖੜ੍ਹਾ ਹੈ, ਕਿਸਾਨ ਰੋਜ਼ ਦੇ ਖਰਚਿਆਂ ਸਮੇਤ ਗੰਨੇ ਦੀ ਛਿਲਾਈ ਲਈ ਪ੍ਰਵਾਸੀ ਕਿਰਤੀਆਂ ਦੇ ਪੈਸੇ ਦੇਣ ਲਈ ਪੈਸਾ ਵਿਆਜੂ ਚੁੱਕਣ ਦੇ ਲਈ ਮਜਬੂਰ ਹਨ। ਬੈਂਕ ਅਫਸਰਾਂ ਨੇ ਕਰਜ਼ਿਆਂ ਦੀਆਂ ਕਿਸ਼ਤਾਂ ਅਤੇ ਲਿਮਟਾਂ ਜਮ੍ਹਾਂ ਕਰਾਉਣ ਲਈ ਪਰੇਸ਼ਾਨ ਕੀਤਾ ਹੋਇਆ ਹੈ। ਅਦਾਲਤ ਦੇ 14 ਦਿਨਾਂ ਦੇ ਅੰਦਰ ਕਿਸਾਨਾਂ ਨੂੰ ਅਦਾਇਗੀ ਕਰਨ ਦੇ ਹੁਕਮਾਂ ਦੇ ਉਲਟ ਖੰਡ ਮਿੱਲ ਨੇ ਕਈ ਮਹੀਨਿਆਂ ਬਾਅਦ ਵੀ ਕਿਸਾਨਾਂ ਨੂੰ ਪੈਸੇ ਨਹੀਂ ਦਿੱਤੇ। ਮਰਨ ਵਰਤ ਉੱਤੇ ਬੈਠੇ ਕਿਸਾਨ ਨਿਰਮਲ ਸਿੰਘ ਨੇ ਦੱਸਿਆ ਕਿ ਉਹਦਾ ਖੰਡ ਮਿੱਲ ਵੱਲ ਕਰੀਬ 16 ਲੱਖ ਰੁਪਿਆ ਬਾਕੀ ਹੈ। ਪਿਛਲੇ ਦਿਨੀਂ ਖੁਦਕੁਸ਼ੀ ਕਰ ਲੈਣ ਦੇ ਐਲਾਨ ਤੋਂ ਬਾਅਦ ਉਸ ਨੂੰ ਕਰੀਬ ਪੌਣੇ ਲੱਖ ਦੀ ਅਦਾਇਗੀ ਕੀਤੀ ਗਈ ਹੈ, ਜਦ ਕਿ ਬਾਕੀ ਹਾਲੇ ਖੜ੍ਹਾ ਹੈ।

# ਸੁਪਰੀਮ ਕੋਰਟ ਨੇ ਕੇਂਦਰ ਤੇ ਰਾਜ ਸਰਕਾਰਾਂ ਨੂੰ ਸਿਖਿਆ ਪ੍ਰਣਾਲੀ ਦਰੁਸਤ ਕਰਨ ਨੂੰ ਕਿਹਾ



ਨਵੀਂ ਦਿੱਲੀ, 5 ਜੂਨ (ਪੋਸਟ ਬਿਊਰੋ)- ਸੁਪਰੀਮ ਕੋਰਟ ਨੇ ਕੱਲ੍ਹ ਕਿਹਾ ਕਿ ਦੇਸ਼ ਵਿੱਚ ਸਿਖਿਆ ਪ੍ਰਣਾਲੀ ਦਰੁਸਤ ਕੀਤੀ ਜਾਣੀ ਚਾਹੀਦੀ ਹੈ ਤਾਂ ਕਿ ਵੱਖ-ਵੱਖ ਵਿਸ਼ਿਆਂ ਵਿੱਚ ਦਾਖਲੇ ਲਈ ਅਪਲਾਈ ਕਰਦੇ ਸਮੇਂ ਵਿਦਿਆਰਥੀਆਂ ਨੂੰ ਪ੍ਰੇਸ਼ਾਨੀ ਦਾ ਸਾਹਮਣਾ ਨਾ ਕਰਨਾ ਪਵੇ।

ਜਸਟਿਸ ਇੰਦੂ ਮਲਹੋਤਰਾ ਅਤੇ ਜਸਟਿਸ ਐੱਮ ਆਰ ਸ਼ਾਹ ਦੀ ਛੁੱਟੀਆਂ ਵਾਲੀ ਬੈਂਚ ਨੇ ਮਹਾਰਾਸ਼ਟਰ ਵਿੱਚ 2019-20 ਦੇ ਵਿਦਿਅਕ ਸੈਸ਼ਨ ਵਿੱਚ ਪੀ ਜੀ ਮੈਡੀਕਲ ਅਤੇ ਡੈਂਟਸ ਡਾਕਟਰੀ ਦੇ ਦਾਖਲੇ ਦੇ ਮਾਮਲੇ ਦੀ ਸੁਣਵਾਈ ਦੌਰਾਨ ਇਹ ਟਿੱਪਣੀ ਕੀਤੀ। ਅਦਾਲਤ ਨੇ ਦਾਖਲੇ ਬਾਰੇ ਪੈਦਾ ਹੋਈਆਂ ਅੜਚਨਾਂ ਤੋਂ ਵਿਦਿਆਰਥੀਆਂ ਦੀ ਪ੍ਰੇਸ਼ਾਨੀ ਦਾ ਜ਼ਿਕਰ ਕੀਤਾ ਅਤੇ ਕਿਹਾ ਕਿ ਪ੍ਰਤਿਭਾਸ਼ਾਲੀ ਵਿਦਿਆਰਥੀਆਂ ਦੇ ਲਈ ਇਸ ਤਰ੍ਹਾਂ ਦੀ ਸਥਿਤੀ ਬੇਹੱਦ ਕਠਿਨਾਈ ਵਾਲੀ ਹੈ। ਬੈਂਚ ਨੇ ਕਿਹਾ ਕਿ ਸਾਡੀ ਚਿੰਤਾ ਵਿਦਿਆਰਥੀਆਂ ਬਾਰੇ ਹੈ। ਇਹ ਹਰ ਸਾਲ ਹੁੰਦਾ ਹੈ ਅਤੇ ਮੈਡੀਕਲ ਜਾਂ ਦੂਸਰੇ ਵਿਸ਼ਿਆਂ ਵਿੱਚ ਦਾਖਲੇ ਦੇ ਬਾਰੇ ਵਿਦਿਆਰਥੀਆਂ ਦੇ ਦਿਮਾਗ ਵਿੱਚ ਦੁਚਿੱਤੀ ਬਣੀ ਰਹਿੰਦੀ ਹੈ। ਬੈਂਚ ਨੇ ਕਿਹਾ ਕਿ ਤੁਸੀਂ ਸਮੁੱਚੀ ਸਿਖਿਆ ਪ੍ਰਣਾਲੀ ਨੂੰ ਦਰੁਸਤ ਕਿਉਂ ਨਹੀਂ ਕਰਦੇ? ਵਿਦਿਆਰਥੀਆਂ ਦੇ ਲਈ ਇਹ ਤਣਾਅ ਅਤੇ ਚਿੰਤਾ ਕਿਉਂ? ਇਹ ਸਭ ਮੁਕੱਦਮੇਬਾਜ਼ੀ ਕਿਉਂ? ਬੈਂਚ ਨੇ ਕਿਹਾ ਕਿ ਅਸੀਂ ਰਾਜਾਂ ਅਤੇ ਕੇਂਦਰ ਸਰਕਾਰ ਨੂੰ ਕਹਿ ਰਹੇ ਹਾਂ ਕਿ ਵਿਦਿਆਰਥੀਆਂ ਦੀ ਦਸ਼ਾ ਦਾ ਧਿਆਨ ਕਰਨ। ਦਾਖਲੇ ਬਾਰੇ ਦੁਚਿੱਤੀ ਕਾਰਨ ਵਿਦਿਆਰਥੀਆਂ ਦੇ ਪੂਰੇ ਕਰੀਅਰ 'ਤੇ ਪ੍ਰਭਾਵ ਪੈਂਦਾ ਹੈ। ਬੈਂਚ ਨੇ ਕਿਹਾ ਕਿ ਮਹਾਰਾਸ਼ਟਰ ਵਿੱਚ ਚਾਲੂ ਵਿਦਿਅਕ ਸੈਸ਼ਨ ਦੌਰਾਨ ਪੀ ਜੀ ਮੈਡੀਕਲ ਅਤੇ ਡੈਂਟਲ ਚਕਿਤਸਾ ਵਿਸ਼ਿਆਂ ਵਿੱਚ ਦਾਖਲੇ ਨੂੰ ਲੈ ਕੇ ਪੈਦਾ ਹੋਈ ਦੁਚਿੱਤੀ ਦੇ ਲਈ ਸੂਬਾ ਸਰਕਾਰ ਪੂਰੀ ਤਰ੍ਹਾਂ ਜ਼ਿੰਮੇਵਾਰ ਹਨ।

# ਔਰਤ ਨੂੰ ਡੇਟ ਲਈ ਚੱਲਣ ਨੂੰ ਕਹਿਣ ਵਾਲਾ ਥਾਣਾ ਮੁਖੀ ਲਾਈਨ ਹਾਜ਼ਰ

